ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਅੰਮ੍ਰਿਤਸਰ ਸਾਕੇ ਦੇ

ਨਾਮਧਾਰੀ ਸ਼ਹੀਦ

(ਇਤਿਹਾਸ ਅਤੇ ਬੰਸਾਵਲੀਆਂ)

ਸੂਬਾ ਸੁਰਿੰਦਰ ਕੌਰ ਖਰਲ



Sri Satguru Jagjit Singh Ji E-library

https://archive.org/details/namdhari

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The E-Library collection is growing day by day and some rare and priceless books/magazines/manuscripts and other items have already been digitised.

Contact Details

For further information about the process or your contribution - please contact

https://archive.org/details/namdhari E: NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਅੰਮ੍ਰਿਤਸਰ ਸਾਕੇ ਦੇ

ਨਾਮਧਾਰੀ ਸ਼ਹੀਦ

(ਇਤਿਹਾਸ ਅਤੇ ਬੰਸਾਵਲੀਆਂ)

ਲੇਖਿਕਾ ਦਾ ਸਾਹਿਤਕ ਸਫਰ

ਛਪੀਆਂ ਪੁਸਤਕਾਂ ਦਾ ਵੇਰਵਾ

1)	ਤ੍ਰਿਸ਼ਨਾ (ਕਹਾਣੀਆਂ)	1987
2)	ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜਿੰਦ ਕੌਰ) (ਬਾਲ –ਸਾਹਿਤ)	1990ਤੇ 2011
3)	ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) (ਬਾਲ –ਸਾਹਿਤ)	1991ਤੇ 2011
4)	ਵੱਡ–ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) (ਬਾਲ –ਸਾਹਿਤ)	1991ਤੇ 2011
5)	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗਬਾਨੀ ਪ੍ਰਤੀ ਦੇਣ (ਖੋਜ–ਪੱਤਰ)	1995
6)	ਬਖਸ਼ਿਸ਼ (ਕਵਿਤਾਵਾਂ)	1996
7)	ਪ੍ਰਕਾਸ਼–ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)	1997
8)	ਤੂੰ ਹੀ ਤੂੰ (ਕਵਿਤਾਵਾਂ)	2000
9)	ਬੰਸਾਵਲੀ–ਸ੍ਰੀ ਸਤਿਗੁਰੂ ਰਾਮ ਸਿੰਘ ਜੀ	2006
10)	ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ ਨਾਮਧਾਰੀ ਸ਼ਹੀਦ	2008
11)	ਗੋਪਾਲ ਰਤਨ	2011
12)	ਪ੍ਰਕਾਸ਼ ਪੁੰਜ ਭਾਗ ਦੂਜਾ	2011
13)	ਗੋਪਾਲ ਰਤਨ (ਹਿੰਦੀ)	2012
14)	ਦੇਸ਼ ਦੇਸ਼ਾਂਤਰ (ਸਫਰਨਾਮੇ)	2012
15)	ਪ੍ਰਕਾਸ਼ ਪੁੰਜ ਭਾਗ 1 (ਅੰਗਰੇਜ਼ੀ) ਵੈਬਸਾਈਟ 'ਤੇ	2012
16)	ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ (ਇਤਿਹਾਸ ਅਤੇ ਬੰਸਾਵਲੀਆਂ)	2018
17)	ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਦੇ ਪਾਤਰ-ਸੰਤ ਕੇਹਰ ਸਿੰਘ ਰੋਪੜ	2018
18)	ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਬਾਲ ਸਹਿਤ)(ਛਪ ਰਿਹਾ)	
19)	ਕੂਕਾ ਅੰਦੋਲਨ ਦਾ **ਲੁਕਿਆ ਸੱਚ** : ਸਰਕਾਰੀ ਦਸਤਾਵੇਜ (ਛਪ ਰਿਹਾ)	
20)	ਲੁਧਿਆਣੇ ਸਾਕੇ ਦੇ ਸ਼ਹੀਦ (ਇਤਿਹਾਸ ਤੇ ਬੰਸਾਵਲੀਆਂ) (ਛਪ ਰਹੀ)	

ਅੰਮ੍ਰਿਤਸਰ ਸਾਕੇ ਦੇ

ਨਾਮਧਾਰੀ ਸ਼ਹੀਦ

(ਇਤਿਹਾਸ ਅਤੇ ਬੰਸਾਵਲੀਆਂ)

ਸੂਬਾ ਸੁਰਿੰਦਰ ਕੌਰ ਖਰਲ

Amritsar Sake de Namdhari Shaheed
(ithas atee bansawalia)
by
Saba Surinder Kaur Kharal
338, Mohalla Namdhari
Near B.S.N.L Telephone Exchange.
Rupnagar-140001(Punjab)
Moblic -98157-03588, 94173-76345
90564-76345, 90565-76345
94172-73345
www.subasurinderkaur.com
Email:- subakharal952@yahoo.com

ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ
(ਇਤਿਹਾਸ ਅਤੇ ਬੰਸਾਵਲੀਆਂ)
ਲੇਖਿਕਾ-
ਸੂਬਾ ਸੁਰਿੰਦਰ ਕੌਰ ਖਰਲ
338 ,ਮੁਹੱਲਾ ਨਾਮਧਾਰੀ,
ਨੇੜੇ ਬੀ.ਐਸ.ਐਨ.ਐਲ ਟੈਲੀਫੋਨ ਐਕਚੇਂਜ
ਰੂਪਨਗਰ-140001 (ਪੰਜਾਬ)

ਸਮਰਪਿਤ

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਦੀ ਨਿੱਘੀ ਯਾਦ ਨੂੰ,
ਜਿੰਨਾਂ ਨੇ ਇਹ ਸਾਰੀ ਖੋਜ਼ ਮੈਥੋਂ ਕਰਵਾਈ ਤੇ ਲਿਖ ਕੇ
ਛਪਵਾਉਣ ਦਾ ਉੱਦਮ ਬਖ਼ਸ਼ਿਆ।**

ਤਤਕਰਾ

ਪ੍ਰਵੇਸ਼ਿਕਾ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ

"ਸਿੰਘਾਂ ਨੇ ਇਸ਼ਨਾਨ ਕੀਤਾ–ਅੰਮ੍ਰਿਤਸਰ ਵਿਚ ਜਾ ਕੇ। ਰਾਮ ਬਾਗ਼ ਦੇ ਦਰਵਾਜ਼ੇ ਦੇ ਅੱਗੇ ਬੋਹੜ ਦੇ ਨਾਲ ਫਾਂਸੀ ਰੇਸ਼ਮ ਦੇ ਰੱਸੇ ਦੀ ਬੱਧੀ ਗਈ। ਸ਼ਬਦ ਪੜ੍ਹਦੇ ਹੋਏ ਸਿੱਖ ਗਏ। ਚਾਰ ਸਰੀਰ ਸਨ, ਢੋਲਕ ਇਕ ਦੇ ਗਲ ਵਿਚ ਹੈ, ਦੂਸਰੇ ਛੈਣੇ ਵਜਾਉਂਦੇ ਜਾਂਦੇ ਹਨ। ਉਥੇ ਜਾ ਕੇ ਇੱਕਲੇ–ਇੱਕਲੇ ਖਲੋ ਕੇ ਆਪਣੇ ਗਲ ਵਿਚ ਫਾਂਸੀ ਪਾ ਕੇ–ਨਹੀਂ ਕੋਈ ਟੋਪ ਦਿੱਤਾ, ਨਹੀਂ ਕੋਈ ਮੂੰਹ ਢਕਿਆ, ਨਹੀਂ ਬਾਹਵਾਂ ਬੱਧੀਆਂ, ਓਸੇ ਤਰਾਂ ਖੁਸ਼ੀ ਨਾਲ ਫਾਂਸੀ ਚੜ੍ਹੇ।"

"ਮਲੇਰਕੋਟਲਾ ਇਹਨਾਂ ਨੂੰ ਬਗੈਰ ਬੰਨਣ ਤੋਂ–ਤੋਪਾਂ ਦੇ ਅੱਗੇ ਖੜੇ ਕਰ ਕਰ ਕੇ ਸੱਤ–ਸੱਤ ਸਰੀਰ ਉਡਾਏ ਔਰ ਤੋਪਾਂ ਕਿਹਦੀਆਂ ਸਨ– ਨਾਭਾ, ਪਟਿਆਲਾ ਤੇ ਸੰਗਰੂਰ ਦੀਆਂ– ਸਿੱਖਾਂ ਮਹਾਰਾਜਿਆਂ ਦੀਆਂ –ਸਿੱਖਾਂ ਨੂੰ ਉਡਾਉਣ ਵਾਸਤੇ, ਕਿਉਂਕਿ ਅੰਗਰੇਜ਼ ਨੇ ਇਹੋ ਚੀਜ਼ ਸਿੱਖੀ ਸੀ– ਜਿਸ ਤਰ੍ਹਾਂ ਉਹ ਸੰਸਕ੍ਰਿਤ ਦਾ ਇਕ ਲਫਜ਼ ਹੈ 'ਉਸਟ ਲਸਟਿਕਾ', ਕਿ ਊਠ ਦੇ ਪਲਾਣੇ ਵਿਚੋਂ ਡੰਡਾ ਕੱਢ ਕੇ ਊਠ ਨੂੰ ਮਾਰਨਾ– ਉਹਨਾਂ ਇਹੋ ਕੁਝ ਸਿੱਖਿਆ ਸੀ, ਜੇ ਹਿੰਦੂ ਤਕੜੇ ਹੋਏ ਤਾਂ ਮੁਸਲਮਾਨ ਚੁੱਕ ਦਿੱਤੇ, ਜੇ ਮੁਸਲਮਾਨ ਤਕੜੇ ਹੋਏ ਸਿੱਖ ਚੁੱਕ ਦਿੱਤੇ, ਜੇ ਸਿੱਖ ਤਕੜੇ ਹੋਏ ਤਾਂ ਹਿੰਦੂ ਚੁੱਕ ਦਿੱਤੇ, ਬਈ ਆਪਸ ਵਿਚ ਫਟੇ ਰਹਿਣ, ਸਾਡਾ ਕੰਮ ਚਲਦਾ ਰਵ੍ਹੇ –ਪਾੜੋ ਤੇ ਰਾਜ ਕਰੋ।"

"ਸਿੰਘ ਜਦੋਂ ਤੋਪਾਂ ਦੇ ਅੱਗੇ ਖੜੇ ਹੋਏ ਤਾਂ ਅੰਗਰੇਜ਼ ਕਹਿਣ ਲਗੇ, "ਪਿੱਠ ਕਰਕੇ ਖਲੋਵੋ"। ਉਹ ਕਹਿੰਦੇ ਨੇਂ, "ਬਈ ਸਿੰਘ ਪਿੱਠ ਕਰਕੇ ਨਹੀਂ ਖਲੋ ਸਕਦਾ"। ਸਾਹਮਣੇ ਮੱਥੇ, ਸਿਰ ਦੇ ਉੱਤੇ ਤਕਲੀਫ ਝੱਲੀ। ਇਨ੍ਹਾਂ ਨੂੰ ਪਤਾ ਨਹੀਂ ਲਗਾ ਔਰ ਤੋਪ ਚਲਦੀ ਸੀ– ਜੈਕਾਰਾ ਬੁਲਾਉਂਦੇ ਸਨ।"

"ਉਥੇ ਹੁਕਮ ਉਲਟਾਉਣ ਦੀ ਗੱਲ ਨਹੀਂ, ਸ਼ਹੀਦ ਹੋਏ ਹੱਸਦੇ ਹੱਸਦੇ। ਅੱਜ ਅਸੀਂ ਉਹਨਾਂ ਦਾ ਨਾਉਂ ਲੈ ਕੇ ਉੱਚੇ ਹੁੰਦੇ ਹਾਂ।"

"ਉਹੋ ਹੀ ਸਿੱਖ ਮੁੜ ਭਗਤ ਸਿੰਘ ਹੁਰੀਂ ਆਏ, ਜਿਹੜੇ ਗੋਲੀਆਂ ਦੇ ਨਿਸ਼ਾਨੇ ਬਣੇ, ਫਾਂਸੀਆਂ ਤੇ ਚੜ੍ਹੇ– ਉਹੋ ਹੀ ਉਹ ਬਣ ਗਏ ਜਿਹੜੇ ਬਜ–ਬਜ ਘਾਟ ਤੇ ਸ਼ਹੀਦ ਹੋਏ, ਕਿਉਂਕਿ ਕਹਿ ਕੇ ਜੁ ਗਏ ਸੀ–ਕਿ ਕਿਸੇ ਮਾਈ ਦਾ ਪੇਟ ਗੰਦਾ ਕਰਕੇ ਆਏ ਖੜ੍ਹੇ ਹਾਂ। ਕਰਤਾਰ ਸਿੰਘ ਸਰਾਭਾ ਵਰਗੇ, ਜਿਹਨਾਂ ਲੋਕਾਂ ਉਹ ਕੰਮ ਕੀਤਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ

"ਆਪ ਸਭ ਜਾਣਦੇ ਹੋ ਨੀਂਹ ਦੀ ਇੱਟ ਦਿੱਸਦੀ ਨਹੀਂ, ਪਰ ਜੇ ਨੀਂਹ ਦੀ ਇੱਟ ਕੱਢ ਦੇਈਏ, ਮਕਾਨ ਰਹਿੰਦਾ ਨਹੀਂ। ਇਤਿਹਾਸ ਵਿਚ ਕੂਕੇ ਸਿੱਖ ਨੀਂਹ ਦੀ ਇੱਟ ਹਨ। ਅੰਗ੍ਰੇਜ਼ ਨੇ ਕੂਕੇ ਸਿੱਖਾਂ ਦੀ ਸਾਰੀ ਕੌਮ ਨੂੰ ਬਾਗ਼ੀ ਕਰਾਰ ਦਿੱਤਾ, ਹੋਰ ਕਿਸੇ ਵਾਸਤੇ ਉਸਨੇ ਇਸ ਤਰ੍ਹਾਂ ਨਹੀਂ ਲਿਖਿਆ। ਬੀ ਬੀਜਣ ਤੋਂ ਬਾਅਦ ਬੋਹੜ ਦਾ ਦਰਖਤ ਬਹੁਤ ਸਾਲਾਂ ਵਿਚ, ਹੌਲੀ ਹੌਲੀ ਵੱਡਾ ਹੁੰਦਾ ਹੈ। ਇੰਜ ਹੀ ਨਾਮਧਾਰੀ ਸਿੱਖਾਂ ਨੇ ਕੁਰਬਾਨੀ ਦਾ ਬੀ ਬੀਜਿਆ। ਜਿਉਂ ਜਿਉਂ ਸਮਾਂ ਬੀਤੇਗਾ, ਇਸ ਦਾ ਇਤਿਹਾਸ ਬੋਹੜ ਵਾਂਗੂੰ ਵਧੇ ਫੁਲੇਗਾ।"

"ਐਸਾ ਕੰਮ ਪਿਛਲੇ ਇਤਿਹਾਸ ਵਿਚ ਨਹੀਂ ਮਿਲਦਾ। ਦੁਨੀਆਂ ਦੇ ਇਤਿਹਾਸ ਵਿਚੋਂ ਨਹੀਂ ਮਿਲਦਾ ਕਿ ਜਦੋਂ ਉਹ ਫਾਂਸੀ ਲੈਣ ਵਾਲੇ ਆਪਣੇ ਗਲ ਰੱਸੇ ਪਾਉਂਦੇ ਨੇ। ਪਰ ਉਹਨਾਂ ਨੇ ਆਪਣੇ ਹੱਥੀਂ ਗਲ ਰੱਸੇ ਪਾਏ। ਕਾਹਦੇ ਵਾਸਤੇ ਸਰੀਰ ਦਿੱਤੇ? ਉੱਥੇ ਬੁੱਚੜਖਾਨਾ ਲੱਗਾ ਸੀ, ਹਰਮੰਦਰ ਸਾਹਿਬ ਕੋਲ ਅੰਮ੍ਰਿਤਸਰ ਵਿਚ ਤੇ ਉਹਦੀਆਂ ਹੱਡੀਆਂ, ਮਾਸ ਚੁੱਕ ਚੁੱਕ ਕੇ ਸਰੋਵਰ ਵਿਚ ਪਾ ਕੇ ਬੇਅਦਬੀ ਕਰਦੇ ਸਨ ਕਾਂ ਤੇ ਇੱਲ੍ਹਾਂ।"

"ਤੁਸੀਂ ਦੱਸੋ ਪਈ ਉਹ ਸਰੋਵਰ ਜਿਸਨੂੰ ਅਸੀਂ ਸਾਰੇ ਮੰਨਦੇ ਹਾਂ ਨਾਮਧਾਰੀ ਤੇ ਗੈਰ ਨਾਮਧਾਰੀ ਸਿੱਖ, ਹਿੰਦੂ ਵੀ, ਜੋ ਬਹੁਤ ਪੱਕੇ ਸਿੱਖ ਨੇ- ਉਸ ਸਰੋਵਰ ਵਿਚ ਇੱਲਾਂ ਕਾਂ ਹੱਡੀਆਂ ਲਿਆ ਕੇ ਸੁੱਟਦੇ ਸਨ। ਇਕ ਦੇਵਾ ਸਿੰਘ ਨਾਂ ਦਾ ਸਿੱਖ ਸੀ ਉਹਨੇ ਹੱਡੀ ਲਿਆ ਕੇ, ਸ੍ਰੀ ਆਦਿ ਗ੍ਰੰਥ ਸਾਹਿਬ ਦਾ ਜਿੱਥੇ ਪ੍ਰਕਾਸ਼ ਹੋਇਆ ਸੀ ਉਥੇ ਅੱਗੇ ਲਿਆ ਕੇ ਰੱਖ ਦਿੱਤੀ। ਮਹੰਤਾਂ ਆਖਿਆ, ਇਹ ਕੀ ਗੱਲ ? ਉਸ ਆਖਿਆ ਇਹ ਹੱਡੀਆਂ ਸਰੋਵਰ ਵਿਚ ਡਿਗਦੀਆਂ ਨੇ। ਫਿਰ ਨਾਮਧਾਰੀ ਸਿੰਘਾਂ ਨੇ ਕਿਸੇ ਨਾਲ ਸਲਾਹ ਨਹੀਂ ਕੀਤੀ, ਸਤਿਗੁਰਾਂ ਕੋਲ ਵੀ ਨਹੀਂ ਆਏ। ਗਊ ਘਾਤੀਆਂ ਨੂੰ ਮਾਰ ਦਿੱਤਾ। ਉਹਨਾਂ ਨੇ ਆਪਣੇ ਜੁੰਮੇ ਲੈ ਕੇ ਇਹ ਸਾਰਾ ਕੰਮ ਕੀਤਾ ਜਿਹੜਾ ਤੁਹਾਡੇ ਸਾਹਮਣੇ ਹੈ। ਸੈਸ਼ਨ ਜੱਜ ਨੂੰ ਯਕੀਨ ਨਹੀਂ ਸੀ ਆਉਂਦਾ। ਜਦੋਂ ਬੇਗੁਨਾਹਾਂ ਨੂੰ ਫੜ ਕੇ ਮਾਰਨ ਲੱਗੇ ਉਹਨਾਂ ਨੂੰ ਫਾਂਸੀ ਦੇਣ ਲੱਗੇ ਤਾਂ ਨਾਮਧਾਰੀ ਸਿੱਖ ਆ ਕੇ ਹਾਜ਼ਰ ਹੋ ਗਏ। ਜੱਜ ਆਖੇ, ਨਹੀਂ ਇਹ ਸਾਧੂ ਆਦਮੀ ਹਨ। ਉਹਨਾਂ ਸਿੱਖਾਂ ਨੇ ਆਖਿਆ ਸਾਡੀਆਂ ਤਲਵਾਰਾਂ ਫਲਾਣੇ ਥਾਂ ਪਈਆਂ ਨੇ, ਸਾਰਾ ਕੁਝ ਦੱਸਿਆ ਤੇ ਸਬੂਤ ਦਿੱਤਾ। ਫਿਰ ਉਹਨਾਂ ਨੂੰ ਫਾਂਸੀ ਦੀ ਸਜ਼ਾ ਹੋਈ।"

"ਅੰਮ੍ਰਿਤਸਰ ਦੇ ਸ਼ਹੀਦਾਂ ਨੇ ਆਪਣੇ ਆਪ ਗਲਾਂ ਵਿਚ ਫਾਂਸੀਆਂ ਪਾਈਆਂ ਸਨ। ਉਹਨਾਂ ਨੂੰ ਪੁੱਛਿਆ ਸੀ, "ਕੀ ਖਾਹਸ਼ ਹੈ ਤੁਹਾਡੀ ?" ਉਹਨਾਂ ਨੇ ਆਖਿਆ, "ਅਸਾਂ ਸਰੋਵਰ ਵਿਚ ਇਸ਼ਨਾਨ ਕਰਨਾ ਹੈ ਜਿਸ ਸਰੋਵਰ ਦੀ ਪਵਿੱਤਰਤਾ ਲਈ ਅਸਾਂ ਸਾਰਾ ਕੁਝ ਕੀਤਾ ਹੈ।" ਸਰੋਵਰ ਵਿਚ ਇਸ਼ਨਾਨ ਕਰਕੇ ਢੋਲਕ ਗਲ ਪਾ, ਛੈਣੇ ਫੜ ਕੀਰਤਨ ਕਰਦੇ ਹੋਏ ਇਹ ਸ਼ਬਦ ਉਹਨਾਂ ਨੇ ਪੜ੍ਹਿਆ --

ਤੇਰੀ ਸਰਣਿ ਮੇਰੇ ਦੀਨ ਦਇਆਲਾ॥
ਸੁਖ ਸਾਗਰ ਮੇਰੇ ਗੁਰ ਗੋਪਾਲਾ॥
ਕਰਿ ਕਿਰਪਾ ਨਾਨਕ ਗੁਣ ਗਾਵੈ॥
ਰਾਖਹੁ ਸਰਮ ਅਸਾੜੀ ਜੀਉ॥

ਇਹ ਸ਼ਬਦ ਉਸ ਵੇਲੇ 15 ਸਤੰਬਰ 1871 ਨੂੰ ਪੜ੍ਹ ਕੇ ਉਥੇ ਉਹਨਾਂ ਨੇ ਆਪਣੇ ਸਰੀਰ ਦਾਨ ਕੀਤੇ। ਫਿਰ ਉਹਨਾਂ ਨੇ ਸ਼ਹੀਦੀ ਤੋਂ ਪਹਿਲਾ ਇਹ ਆਖਿਆ ਕਿ ਸਾਨੂੰ ਜਲਾਦ ਹੱਥ ਨਾ ਲਾਵੇ, ਜਿਹੜਾ ਰੱਸਾ ਹੈ ਉਹ ਚਮੜੇ ਦਾ ਨਹੀਂ ਚਾਹੀਦਾ। ਰੱਸੇ ਰੇਸ਼ਮ ਦੇ ਲਿਆਂਦੇ ਗਏ। ਉਹਨਾਂ ਨੇ ਸਾਰਿਆਂ ਦੇ ਸਾਹਮਣੇ ਸ਼ਰੇਆਮ ਆਪ ਗਲਾਂ ਵਿਚ ਰੱਸੇ ਪਾ ਕੇ ਫਾਂਸੀਆਂ ਲਈਆਂ।"

"ਸਤਿਗੁਰੂ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਸ਼ਹੀਦਾਂ ਨੇ ਦੁਨੀਆਂ ਦਾ ਮੋਹ ਛੱਡਿਆ, ਲੋਭ ਛੱਡਿਆ, ਦੁਨੀਆਂਦਾਰੀ ਛੱਡੀ ਸਿਰਫ ਇਕ ਨਿਸ਼ਾਨਾ ਸਤਿਗੁਰਾਂ ਦਾ ਰੱਖਿਆ।"

"ਸ਼ਹੀਦਾਂ ਦੀ ਤੁਸੀਂ ਕਥਾ ਪੜ੍ਹਦੇ ਓ। ਮਲੇਰਕੋਟਲੇ, ਅੰਮ੍ਰਿਤਸਰ ਵਿਚ ਸ਼ਹੀਦ ਹੋਏ, ਕਾਹਦੇ ਵਾਸਤੇ ਹੋਏ? ਉਹਨਾਂ ਨੇ ਆਪਣੀ ਜਾਇਦਾਦ ਨਹੀਂ ਸੀ ਬਣਾਈ। ਅੰਗ੍ਰੇਜ਼ ਬੜਾ ਚਲਾਕ ਸੀ, ਉਹ ਧਰਮ ਨੂੰ ਸਮਝਦਾ ਸੀ। ਇਕ ਨਾਮਧਾਰੀ ਜੇ ਇਕਤਾਰੇ ਨਾਲ ਵੀ ਕੀਰਤਨ ਕਰਦਾ ਸੀ ਤਾਂ ਸਤ ਸਾਲ ਉਹਨੂੰ ਸਜ਼ਾ ਮਿਲ ਜਾਂਦੀ ਸੀ, ਕੀ ਇਕਤਾਰੇ ਨਾਲ ਕੀਰਤਨ ਕਰਨਾ ਜੁਰਮ ਸੀ? ਜਿਹੜੀ 307 ਤੇ 302 ਲਗ ਜਾਂਦੀ ਸੀ ਉਹ ਕੀ ਜੁਰਮ ਸੀ? ਲੇਕਿਨ ਉਹ ਸਮਝਦਾ ਸੀ ਕਿ ਇਹਨਾਂ ਨੂੰ ਇਹਦੇ ਵਿਚੋਂ ਕੁਝ ਲਭਦੈ। ਸਤ ਸਤ ਸਾਲ ਦੀਆਂ ਸਖਤ ਸਜ਼ਾਵਾਂ ਦਿੱਤੀਆਂ। ਜਿਹੜੇ ਆਦਮੀ ਸਾਡੇ ਕੈਦਾਂ ਦੇ ਵਿਚ ਮਰ ਗਏ, ਕਾਹਦੇ ਤੋਂ! ਕਿਹੜੇ ਜੁਰਮ ਤੋਂ? ਕੀਰਤਨ ਕਰਨ ਤੋਂ! ਕੱਲਿਆਂ ਬਹਿਕੇ ਵੀ ਕੁੰਭਾ ਪੁੱਟ ਕੇ ਕੀਰਤਨ ਕਰਨਾ ਉਹਦੇ ਤੋਂ, ਅਖੰਡ ਪਾਠ ਕਰਨ ਤੋਂ, ਇਹਨਾਂ ਗੱਲਾਂ ਕਰ ਕੇ ਸਜ਼ਾਵਾਂ ਮਿਲੀਆਂ ਉਹਨਾਂ ਨੂੰ। ਉਹ ਸਿੱਖ ਕਦੇ ਪੁੱਛਣ ਨਹੀਂ ਸਨ ਆਉਂਦੇ ਜਾਂ ਸਲਾਹ ਕਰਨ ਨਹੀਂ ਸਨ ਆਉਂਦੇ। ਪਤੰਗੇ ਦੇ ਵਾਸਤੇ ਮਿਸਾਲ ਐ ਕਿ ਪਤੰਗੇ ਨੂੰ ਜਿਸ ਵੇਲੇ ਪਤਾ ਲੱਗੇ ਦੀਵੇ ਜਗੇ ਨੇ ਤਾਂ ਉਹ ਕਦੇ ਦੂਜੇ ਪਤੰਗਿਆਂ ਨੂੰ ਦੱਸਣ ਵਾਸਤੇ ਨਹੀਂ ਜਾਂਦਾ ਕਿ ਦੀਵੇ ਜਗ ਪਏ ਨੇ।"

"ਸਤਿਗੁਰਾਂ ਨੇ ਐਸੀ ਟੀਮ ਬਣਾਈ ਜਿਹਨੇ ਭਾਰਤ ਵਿਚੋਂ ਅੰਗ੍ਰੇਜ਼ੀ ਰਾਜ ਨੂੰ-ਜਿਹਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ-ਕੱਢਣ ਲਈ ਲੱਕ ਬੰਨ੍ਹ ਲਿਆ। ਪਹਿਲੋਂ ਸਤਿਗੁਰੂ ਰਾਮ ਸਿੰਘ ਜੀ ਨੇ, ਉਸ ਟੀਮ ਦਾ ਇਕ-ਇਕ ਖਿਡਾਰੀ ਅਜ਼ਾਦ ਕਰਾਇਆ। ਉਹਨਾਂ ਦੇ ਅੰਦਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਜਿਹੜੇ ਸਨ, ਇਹਨਾਂ ਦੇ ਉੱਤੇ ਉਹਨਾਂ ਜਿੱਤ ਪ੍ਰਾਪਤ ਕਰ ਲਈ। ਇਨ੍ਹਾਂ ਤੋਂ ਫਾਰਗ ਕਰ ਦਿੱਤਾ ਉਨ੍ਹਾਂ ਨੂੰ।"

"ਭਾਵੇਂ ਅਸੀਂ ਨਾਮਧਾਰੀ, ਹਿੰਦੂ, ਸਿੱਖ, ਮੁਸਲਮਾਨ, ਈਸਾਈ ਕੁਝ ਵੀ ਹਾਂ ਪਰ ਸਭ ਤੋਂ ਪਹਿਲਾ ਅਸੀਂ ਹਿੰਦੁਸਤਾਨੀ ਹਾਂ। ਸ੍ਰੀ ਸਤਿਗੁਰੂ ਰਾਮ ਸਿੰਘ ਨੇ ਐਸੇ ਸਿੱਖ ਬਣਾਏ ਜਿਨ੍ਹਾਂ ਨੇ ਆਪਣੇ ਹੱਥੀਂ ਆਪ ਫਾਂਸੀ ਦੇ ਫੰਦੇ ਗਲਾਂ ਵਿਚ ਪਾਏ, ਤੋਪਾਂ ਅੱਗੇ ਨੱਸ ਨੱਸ ਕੇ ਆਉਣ ਵਾਲੇ ਕੇਵਲ ਨਾਮਧਾਰੀ ਹੀ ਸਨ। ਜਲ੍ਹਿਆਂ ਵਾਲੇ ਬਾਗ਼ ਵਿਚ ਸ਼ਹੀਦ ਹੋਣ ਵਾਲੇ ਘਰੋਂ ਮਰਨ ਲਈ ਨਹੀਂ ਆਏ ਸਨ, ਉਹ ਲੈਕਚਰ ਸੁਣਨ ਗਏ ਸੀ। ਪਰ ਨਾਮਧਾਰੀ ਸ਼ਹੀਦ ਘਰੋਂ ਤਿਆਰ ਹੋ ਕੇ ਸ਼ਹੀਦ ਹੋਣ ਲਈ ਗਏ ਸਨ। ਐਸ ਵੇਲੇ ਸਾਨੂੰ ਆਪੋ ਆਪਣੇ ਵਖਰੇਵੇਂ ਛੱਡ ਕੇ ਦੇਸ਼ ਵਾਸਤੇ ਇਕੱਠੇ ਹੋ ਕੇ ਮੋਢੇ ਨਾਲ ਮੋਢਾ ਲਾ ਕੇ ਚਲਣਾ ਚਾਹੀਦਾ ਹੈ। "

ਲੇਖਿਕਾ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ

"ਜਿਹੜੀ ਬੀਬੀ ਸੁਰਿੰਦਰ ਕੌਰ ਖਰਲ ਹੈ ਉਨ੍ਹਾਂ ਨੂੰ ਬੜਾ ਸ਼ੌਕ ਹੈ,ਉਹ ਸ਼ਹੀਦਾਂ ਦੇ ਪਰਿਵਾਰ ਜਿੰਨੇ ਨੇ,ਉਨ੍ਹਾਂ ਨੂੰ ਲੱਭ ਲੱਭ ਕੇ ਤੇ ਉਹ ਮੇਰੇ ਕੋਲ ਲਿਆਕੇ ,ਮੈਨੂੰ ਦੱਸਦੇ ਹਨ,ਬਈ ਆਹ ਫਲਾਣੇ ਸ਼ਹੀਦ ਦਾ ਪਰਿਵਾਰ ਹੈ,ਆਹ ਫਲਾਣੇ ਦਾ ਪਰਿਵਾਰ ਹੈ। ਇਤਿਹਾਸ ਲਿਖਣ ਦਾ ਵੀ ਉਸ ਨੂੰ ਕਾਫੀ ਸ਼ੌਕ ਹੈ। ਕਈ,ਉਹਨੂੰ ਆਂਹਦੇ ਨੇ ਬਈ,'ਇਹ ਬੀਬੀ ਸਨਕੀ ਹੈ।'ਸਨਕੀ ਕੋਈ ਸ਼ਬਦ ਹੈਗਾ ਜਿਹੜਾ ਮੈਨੂੰ ਪਤਾ ਨਹੀਂ ਕੀ ਮਤਲਬ ਹੈ ਉਹਦਾ।ਉਹ ਇਸ ਤਰ੍ਹਾਂ ਹੈ ਬਈ ਜਿਹੜਾ ਇਸ ਪਾਸੇ ਤੁਰਦਾ ਹੈ,ਉਹਨੂੰ ਸਨਕ ਉਹਦਾ ਹੋ ਹੀ ਜਾਵੇਗਾ..... । ਇਸ ਦੇ ਨਾਲ ਇਸ ਦੇ ਪਤੀ ਭਗਵੰਤ ਸਿੰਘ ਵੀ ਆਏ ਹੋਏ ਹਨ।"

-(21 ਮਈ 1994 ਨੂੰ ਕੀਨੀਆ -ਤਨਜਾਨੀਆਂ ਦੇ ਦੌਰੇ ਸਮੇਂ,ਨਾਮਧਾਰੀ ਧਰਮਸ਼ਾਲਾ ਨੈਰੋਬੀ ਵਿਖੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ ,ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ "ਦੇਸ਼-ਦੇਸ਼ਾਂਤਰ" ਦੇ ਪੰਨਾ ਨੰ: 55 ਤੋਂ)

"ਬੀਬੀ ਖਰਲ ਜਿਹੜੀ ਹੈ ਨਾ,ਇਹਦੀ ਕੁੜੀ ਬੀਮਾਰ ਹੈ,ਕੁੜੀ ਬਿਮਾਰ ਇਸ ਤਰ੍ਹਾਂ ਦੀ ਹੈ ਬਈ ਬਿਲਕੁਲ ਲੱਤਾਂ ਤੋਂ ਹੀਣੀ,ਤੁਰਿਆ ਨਹੀਂ ਸੀ ਜਾਂਦਾ।ਸਰੀਰ ਉਸ ਦਾ ਏਨਾਂ ਉਤੋਂ ਕਾਲਾ ਜਿਹਾ,ਛਿੱਲ ਉਹਦੀ ਬੜੀ ਖਰਾਬ ਹੋ ਗਈ ਸੀ।ਕੋਈ ਸਮਝ ਨਹੀਂ ਸੀ ਆਉਂਦੀ ਬਈ ਉਹ ਠੀਕ ਵੀ ਹੋ ਸਕਦੀ ਹੈ ਕਿ ਨਹੀਂ।ਕੋਈ ਉਮੀਦ ਨਹੀਂ ਸੀ ਬਈ ਉਹ ਠੀਕ ਹੋਵੇ ਪਰ ਇਹ ਬੀਬੀ ਸੇਵਾ ਕਰਨ ਲੱਗੀ ਤੇ ਇਹ ਦੀ ਉਹ ਕੁੜੀ ਠੀਕ ਹੋ ਗਈ ਹੈ।ਇਥੇ ਨਾਲ ਲੈ ਕੇ ਆਈ ਹੈ,ਉਹ ਤੁਰੀ ਫਿਰਦੀ ਹੈ।ਜਿਹੜੀ ਮਾੜੀ-ਮੋਟੀ ਕਸਰ ਹੈ,ਉਹ ਸੱਚੇ ਪਾਤਸ਼ਾਹ ਕਿਰਪਾ ਕਰਨ ਉਹ ਵੀ ਉਹਦੀ ਨਿਕਲ ਜਾਵੇ।ਬੀਮਾਰ ਤਾਂ ਕਿਸੇ ਦਾ ਵੀ ਹੋਣ ਠੀਕ ਨਹੀਂ।ਪਰ ਜਿਹੜਾ ਕੁੜੀਆਂ ਵਿਚਾਰੀਆਂ ਜਿੰਨਾਂ ਨੇ ਅੱਗੋਂ ਵਿਆਹੀਆਂ ਜਾਣਾ ਹੈ,ਸਤਿਗੁਰੂ ਕਿਰਪਾ ਕਰਨ,ਕੋਈ ਤਕਲੀਫ ਨਾ ਆਵੇ ਉਨ੍ਹਾਂ ਨੂੰ "

-16 ਅਕਤੂਬਰ 1994, ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਏ,ਅੱਸੂ ਦੇ ਮੇਲੇ ਦੇ ਭੋਗ ਸਮੇਂ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ

(ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਇਸ ਕੁੜੀ ਰੁਪਿੰਦਰ ਕੌਰ ਦਾ ਵਿਆਹ ਗੁਰਦੇਵ ਸਿੰਘ ਖਰੜ ਨਾਲ 5 ਫਰਵਰੀ 2012 ਨੂੰ ਹੋਇਆ।ਇਨ੍ਹਾਂ ਦੇ ਘਰ 8 ਅਕਤੂਬਰ 2012 ਨੂੰ ਬੇਟੇ ਗੁਰਰੂਪ ਸਿੰਘ ਅਤੇ 25 ਜੂਨ 2018 ਨੂੰ ਬੇਟੀ ਗੁਰਮੀਤ ਕੌਰ ਨੇ ਜਨਮ ਲਿਆ)

"ਸ਼ਹੀਦਾਂ ਦੇ ਇਹ ਮੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੇ ਸ਼ੁਰੂ ਕਰਵਾਏ ਨੇ। ਕ੍ਰੀਬ 55-56 ਤੋਂ ਸਤਿਗੁਰਾਂ ਦੀ ਕਿਰਪਾ ਨਾਲ ਇਹ ਮੇਲੇ ਹੋਈ ਜਾਂਦੇ ਨੇ ਤੇ ਅਗਾਂਹ ਇਸੇ ਤਰ੍ਹਾਂ ਹੋਈ ਜਾਣੇਂ ਨੇ।.... ਲੱਭ-ਲੱਭ ਕੇ ਸਾਰੇ ਸ਼ਹੀਦਾਂ ਦੇ ਪਿੰਡਾਂ ਨੂੰ,

ਸੂਬਾ ਸੁਰਿੰਦਰ ਕੌਰ ਜੀ ਅਤੇ ਭਗਵੰਤ ਸਿੰਘ ਹੋਰਾਂ ਨੇ ਬੜਾ ਉੱਦਮ ਕੀਤਾ ਹੈ, ਸਾਰੇ ਪਿੰਡਾਂ 'ਚੋਂ ਲੱਭ-ਲੱਭ ਕੇ ਇਹ ਸ਼ਹੀਦਾਂ ਦੇ ਪਰਿਵਾਰ ਅਤੇ ਇਨ੍ਹਾਂ ਸ਼ਹੀਦਾਂ ਦੇ ਮੇਲੇ ਕਰਵਾਏ ਨੇ, ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ।"

- ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ ਪ੍ਰਕਾਸ਼ ਪੁੰਜ ਭਾਗ ਪਹਿਲਾ ਦੇ ਪੰਨਾ ਨੰ:327 ਤੋਂ

- (ਪਿੰਡ ਸਕਰੌਦੀ ਜ਼ਿਲ੍ਹਾ ਸੰਗਰੂਰ ਵਿਖੇ ਮਾਲੇਰ ਕੋਟਲੇ ਸਾਕੇ ਦੇ 4 ਸ਼ਹੀਦਾਂ ਦੀ ਯਾਦ ਵਿਚ 13 ਫਰਵਰੀ 1997 ਨੂੰ ਹੋਏ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ)

"ਸੂਬਾ ਸੁਰਿੰਦਰ ਕੌਰ ਨੇ ਇਕ ਔਰਤ ਹੁੰਦਿਆਂ ਸ਼ਹੀਦਾਂ ਦੇ ਪਿੰਡਾਂ ਨੂੰ ਲੱਭਿਆ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ ਲੱਭਿਆ ਹੈ, ਸ਼ਹੀਦਾਂ ਦੇ ਮੇਲੇ ਕਰਵਾਏ ਹਨ, ਭਗਵੰਤ ਸਿੰਘ ਇਸ ਦਾ ਸਾਥ ਦਿੰਦਾ ਹੈ, ਸੱਚੇ ਪਾਤਸ਼ਾਹ ਕਿਰਪਾ ਕਰਨ ਇਹ ਮੇਲੇ ਇਸੇ ਤਰ੍ਹਾਂ ਹੁੰਦੇ ਰਹਿਣ।"

– ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ ਪ੍ਰਕਾਸ਼ ਪੁੰਜ ਭਾਗ ਪਹਿਲਾ ਦੇ ਪੰਨਾ ਨੰ: 341 ਤੋ

- (ਪਿੰਡ ਮੰਡੀ ਕਲਾ ਜ਼ਿਲ੍ਹਾ ਬਠਿੰਡਾ ਵਿਖੇ 17 ਫਰਵਰੀ 1997 ਨੂੰ ਲੁਧਿਆਣੇ ਸਾਕੇ ਦੇ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ ਸੂਬਾ ਗਿਆਨੀ ਰਤਨ ਸਿੰਘ ਦੀ ਯਾਦ ਵਿਚ ਕੀਤੇ ਗਏ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ।)

ਚੰਦ ਸ਼ਬਦ ਧੰਨਵਾਦ ਦੇ

ਪ੍ਰੋ :ਜਗਮੋਹਨ ਸਿੰਘ

ਸੂਬਾ ਸੁਰਿੰਦਰ ਕੌਰ ਖਰਲ ਜੀ ਦੀ ਇਤਿਹਾਸਕ ਖੋਜ ਤੇ ਲਗਨ ਬੇਮਿਸਾਲ ਹੈ।ਮੈਂ ਉਨ੍ਹਾਂ ਦੇ ਇਸ ਯੋਗਦਾਨ ਦੇ ਕਦਰਦਾਨਾਂ ਵਿਚੋਂ ਇੱਕ ਹਾਂ।ਜਦ ਉਨ੍ਹਾਂ ਨੇ ਆਪਣੇ ਹਥਲੇ ਦਸਤਾਵੇਜ਼- ''ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦ ''ਬਾਰੇ ਲਿਖਣ ਲਈ ਕਿਹਾ ਤਾਂ ਮੈਂ ਬਹੁਤ ਹੀ ਉਤਸ਼ਾਹਿਤ ਹੋਇਆ।ਇਸ ਖੋਜ਼ ਦੀ ਮਹੱਤਤਾ ਨੂੰ ਜਾਨਣ ਲਈ ਮੈਨੂੰ ਯਾਦ ਆਇਆ ਕਿ,ਇੱਕ ਅੰਗਰੇਜ਼ ਲਿਖਾਰੀ ਐਡਵਰਡ ਜਾਨ ਥਾਮਸਨ ਨੇ ਅੰਗਰੇਜ਼ ਰਾਜ ਦੇ ਜ਼ੁਲਮਾਂ ਦੀ ਤਸਵੀਰ ਅੰਗਰੇਜ਼ਾਂ ਨੂੰ ਦਿਖਾਣ ਲਈ "ਮੈਡਿਲ ਦਾ ਦੂਜਾ ਪਾਸਾ'' ਨਾਂ ਦੀ ਕਿਤਾਬ ਲਿਖੀ ਸੀ।ਇਸ ਵਿਚ ਕੂਕਾ ਲਹਿਰ 'ਤੇ ਜ਼ੁਲਮਾਂ ਦਾ ਵੀ ਜ਼ਿਕਰ ਸੀ।ਉਸ 'ਤੇ ਖੋਜ ਕਰਦੇ ਉਸਨੇ ਇੱਕ ਤੱਥ ਨੂੰ ਬੜੇ ਭਰੇ ਮਨ ਨਾਲ ਲਿਖਿਆ ਕਿ, ''ਭਾਰਤ ਦੇ ਇਤਿਹਾਸ ਦੀ ਵੱਡੀ ਸਿਤਮ ਜ਼ਰੀਫੀ ਇਹ ਹੈ ਕਿ ਪੋਤੇ ਨੂੰ ਨਹੀਂ ਪਤਾ ਕਿ ਉਸਦੇ ਦਾਦੇ ਨੇ ਕੀ ਹਿੱਸਾ ਪਾਇਆ ਹੈ।

ਇਸ ਪੱਖੋ ਇਹ ਖੋਜ ਪੁਸਤਕ ਇੱਕ ਵੱਡਾ ਯੋਗਦਾਨ ਪਾਵੇਗੀ।ਸੂਬਾ ਸੁਰਿੰਦਰ ਕੌਰ ਖਰਲ ਜੀ ਨੇ ਜਿਸ ਮਿਹਨਤ ਤੇ ਲਗਨ ਨਾਲ ਇਸ ਕੰਮ ਨੂੰ ਕੀਤਾ ਹੈ,ਦਿਲੋਂ ਸ਼ਲਾਘਾ ਦਾ ਹਿੱਸੇਦਾਰ ਹੈ।ਜਿੱਥੇ ਉਨ੍ਹਾਂ ਸ਼ਹੀਦ ਪਰਿਵਾਰਾਂ ਦੇ ਹੁਣ ਵਾਲੇ ਮੈਂਬਰ ਤੇ ਸਗੋਂ ਆਉਣ ਵਾਲੀਆਂ ਨਸਲਾਂ ਵੀ ਆਪਣੇ ਵਿਰਸੇ ਬਾਰੇ ਜਾਣ ਸਕਣਗੀਆਂ ਤੇ ਉਸ ਨਾਲ ਜੁੜ ਸਕਣਗੀਆਂ।

ਸਤਿਗੁਰੂ ਰਾਮ ਸਿੰਘ ਜੀ ਨੂੰ ਸ਼ਹੀਦ ਭਗਤ ਸਿੰਘ ਨੇ ਯੁੱਗ ਪੁਰਸ਼ ਕਿਹਾ ਸੀ।ਜਦ ਇਸ 'ਤੇ ਵਿਚਾਰ ਕਰਦੇ ਹਾਂ ਤਾਂ ਜਾਣ ਸਕਦੇ ਹਾਂ ਕਿ ਉਹ ਵਾਕਿਆ ਯੁਗ ਪੁਰਸ਼ ਹਨ ਕਿਉਂਕਿ ਉਨ੍ਹਾਂ ਨੇ ਨਵੇਂ ਯੁੱਗ ਲਈ ਨਵੇਂ ਵਿਅਕਤੀ ਨੂੰ ਸਾਜਿਆ ।ਇਹ ਬਹੁਤ ਜ਼ਰੂਰੀ ਗੱਲ ਹੈ।

ਹਰ ਕੂਕਾ ਇਕ ਮਹਾਨ ਸਮਾਜਿਕ ਵਿਅਕਤੀ ਬਣਾਇਆ ਗਿਆ।ਉਹ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਦੀ ਪੂਰਤੀ ਲੱਗਦੀ ਹੈ-" ਸਾਧ ਕਰਮ ਜੋ ਪੁਰਖ ਕਮਾਵੇ।ਨਾਮ ਦੇਵਤਾ ਜਗਤ ਕਹਾਵੇ.

ਕੁਕ੍ਰਿਤ ਕਰਮ ਜੋ ਜਗ ਮੇਂ ਕਰਹੀ। ਨਾਮ ਅਸੁਰ ਤਿਨ ਕੋ ਹੀ ਸਭ ਧਰਹੀ।''

ਸਤਿਗੁਰੂ ਰਾਮ ਸਿੰਘ ਜੀ ਨੇ ਸਾਧ ਕਰਮ ਕਰਨ ਵਾਲੇ ਪੁਰਖ ਪੈਦਾ ਕੀਤੇ।ਜੋ ਫਾਂਸੀਆਂ ਤੇ ਆਪਣੀ ਮਨੁੱਖਤਾ ਪ੍ਰਤੀ ਡਿਊਟੀ ਕਰਦੇ ਹੋਏ ਇੱਕ ਚਿੱਤ ਤੇ ਖੁਸ਼ੀ-ਖੁਸ਼ੀ ਚੜੇ,ਉਹ ਤਾਂ ਚਮਕਦੇ ਹੀਰੇ ਹਨ।ਪਰ ਜੋ ਇਸ ਡਿਊਟੀ ਨੂੰ ਪੂਰਾ ਕਰਦੇ ਜੀਵਨ ਭਰ ਬਗੈਰ ਕਿਸੇ ਭਰਮ ,ਭੈ ਦੇ ਲੱਗੇ ਰਹੇ, ਉਹ ਹੋਰ ਵੀ ਮਹਾਨ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1857 ਦੀ ਵੈਸਾਖੀ ਨੂੰ ਨਵੇਂ ਯੁੱਗ ਦੀ ਲੋੜ ਦੀ ਪੂਰਤੀ ਲਈ ਨਵੇਂ ਯੁੱਗ ਦੇ ਪੁਰਸ਼ ਨੂੰ ਪੈਦਾ ਕੀਤਾ।ਠੀਕ ਉਸੇ ਤਰ੍ਹਾਂ ਜਿਵੇਂ ਸੰਨ 1675 ਵਿਚ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਠੀਕ 24 ਸਾਲ ਬਾਅਦ ਸੰਨ 1699 ਵਿਚ ਨਵੇਂ ਯੁੱਗ ਦਾ ਨਵਾਂ ਪੁਰਸ਼ ਗੁਰੂ ਗੋਬਿੰਦ ਸਿੰਘ ਜੀ ਨੇ ਵੈਸਾਖੀ ਵਾਲੇ ਦਿਨ ਪੈਦਾ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਰਾਜ ਦੇ ਤਬਾਹੀ ਦੇ ਤਰੀਕੇ ਨੂੰ ਖੂਬ ਪਹਿਚਾਣਿਆ ਤੇ ਉਸ ਦੇ ਦੂਸ਼ਤ ਪ੍ਰਭਾਵਾਂ ਤੋਂ ਬਚਣ ਲਈ ਜਿੱਥੇ ,ਇੱਕ ਨਿਗਰ ਜੀਵਨ ਜਾਚ ਦਿੱਤੀ,ਉਥੇ ਔਰਤ ਦੀ ਬਰਾਬਰਤਾ ਨੂੰ ਅਮਲੀ ਰੂਪ ਦਿੱਤਾ।ਮਾਂ ਨੂੰ ਇਹ ਸੁਨੇਹਾ ਕਿ ਬੱਚੇ ਦੇ ਕੰਨ ਵਿਚ ਹਰ ਰੋਜ਼ ਇਹ ਕਹੋ ਕਿ ''ਗਊ,ਗਰੀਬ ਦੀ ਜਿਥੇ ਰੱਖਿਆ ਕਰਨੀ ਹੈ,ਉਥੇ ਸਮਾਜ ਲਈ ਛੋਧ ਮੋਧ ਚੰਗਾ ਕੰਮ ਕਰਦੇ ਆਉਣਾ ਹੈ।''ਚੰਡੀ ਦੀ ਵਾਰ ਦਾ ਪਾਠ ਕਰਨਾ ਤਾਂ ਕਿ ਸਮਾਜ ਵਿਚ ਸਮਾਜ ਹਿੱਤ ਦੇਵ ਸ਼ਕਤੀਆਂ ਨੂੰ ਮਜਬੂਤ ਕਰਨ ਵਿਚ ਹਿੱਸੇਦਾਰ ਹੋ ਸਕੋ।ਸਤਿਗੁਰਾਂ ਨੇ ਦੱਸਿਆ ਕਿ ਨਵੇਂ ਅੰਗਰੇਜ਼ੀ ਰਾਜ ਦੀ ਲੁੱਟ ਦਾ ਵੱਡਾ ਹਥਿਆਰ ਹੈ-ਵਿਆਜ ਪ੍ਰਸਤੀ,ਇਸ ਤੋਂ ਬਚ ਕੇ ਰਹਿਣਾ,ਕਿਰਤ ਵਿਚ ਯਕੀਨ ਰੱਖਣਾ ਹੈ।

ਇਸ ਲਈ ਮੈਨੂੰ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਇਨਸਾਨ ਸਾਜੀ ਦੇ ਉਹ ਗੁਰਮੰਤ੍ਰ ਜ਼ੋ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੇ ਤੇ ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਦਿੱਤੇ,ਉਨ੍ਹਾਂ ਨੂੰ ਸਮਝਿਆ ਜਾਵੇ ਤਾਂ ਕਿ ਇਨ੍ਹਾਂ ਮਹਾਨੀ ਕੁਰਬਾਨੀਆਂ ,ਜੋ ਤੋਪਾਂ ਦੇ ਡਰ ਭੈ ਤੋਂ ਮੁਕਤ ,ਸਮਾਜ ਹਿੱਤ ਜੀਵਨ ਨਿਭਾਉਣ ਤੇ ਕੁਰਬਾਨ ਹੋਣ ਤੱਕ ਦੀ ਮਾਨਸਿਕ ਪੱਕਿਆਈ ਦਿੰਦੀ ਹੈ,ਨੂੰ ਸਮਝ ਕੇ ਅੱਜ ਅਸੀਂ ਆਪਣੀ ਸਮਾਜਿਕ ਡਿਊਟੀ ਨਿਭਾ ਸਕੀਏ।

ਇਸ ਖੋਜ਼ ਨੇ ਇੱਕ ਹੋਰ ਤੱਥ ਨੂੰ ਉਜਾਗਰ ਕੀਤਾ ਹੈ ਕਿ ਅੰਮ੍ਰਿਤਸਰ ਵਿਚ ਸ਼ਹੀਦ ਹੋਣ ਵਾਲੇ ਕੂਕਿਆਂ ਵਿਚੋਂ ਬੀਹਲਾ ਸਿੰਘ ਪਿੰਡ ਨਾਰਲੀ ਤੋਂ ਸੀ ਤੇ ਇਹ ਇਤਿਹਾਸਕ ਤੱਥ ਹੈ ਕਿ ਸ਼ਹੀਦ ਭਗਤ ਸਿੰਘ ਦਾ ਇੱਕ ਵਡੇਰਾ ਖਟਕੜ ਕਲਾਂ ,ਨਾਰਲੀ ਪਿੰਡ ਤੋਂ ਆਇਆ ਸੀ।ਖਟਕੜ ਤੇ ਨਾਰਲੀ ਦਾ ਸਬੰਧ ਅੱਜ ਤੱਕ ਹੈ।ਪਰ ਇੱਕ ਹੋਰ ਤੱਥ,ਜੋ ਪਿਛਲੇ ਦਿਨੀਂ ਕੂਕਾ ਅੰਦੋਲਨ ਦੇ ਰਿਕਾਰਡ ਨੂੰ ਦੇਖਦੇ ਸਾਹਮਣੇ ਆਇਆ ਕਿ ਕੂਕਾ ਲਹਿਰ ਦੇ ਇੱਕ ਸੂਬਾ,ਬੰਗਾ-(ਜੋ ਕਿ ਖਟਕੜ ਕਲਾਂ ਦੇ ਨਾਲ ਹੈ ਅਤੇ ਅੱਜ ਕਲ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਹੈ) ਵਿਖੇ ਵੀ ਰਹਿੰਦੇ ਸਨ।ਸ਼ਹੀਦ ਭਗਤ ਸਿੰਘ ਜੀ ਦੇ ਦਾਦਾ ਜੀ ਦੇ ਵੱਡੇ ਭਰਾ ਸੁਰਜਨ ਸਿੰਘ ਵੀ ਕੂਕਾ ਸਨ।ਸਾਡੇ ਬੇਬੇ ਜੀ।(ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ) ਨੇ ਮੈਨੂੰ ਦੱਸਿਆ ਸੀ ਕਿ ਉਹ ਚੰਡੀ ਦੀ ਵਾਰ ਦਾ ਪਾਠ ਕਰਦੇ ਸਨ ਤੇ ਮੇਰੇ ਜੀਵਨ-ਸਾਥੀ ਡਾ ਅਮਰਜੀਤ ਕੌਰ ਨੂੰ ਪਹਿਲੇ ਬੱਚੇ ਦੇ ਜਨਮ ਤੋਂ ਪਹਿਲਾਂ ਚੰਡੀ ਦੀ ਵਾਰ ਦਾ ਗੁਟਕਾ ਦਿੱਤਾ ਸੀ। ਕਹਿਣ ਦਾ ਭਾਵ ਕਿ ਉਨ੍ਹਾਂ ਨੇ ਕੂਕਾ ਲਹਿਰ ਦੀ ਉਸ ਸਪਿਰਟ ਨੂੰ ਘਰ ਵਿਚ ਸਹਿਜੇ ਜਿਹੇ ਚਲਦਾ ਰੱਖਿਆ।

ਸ਼ਹੀਦ ਭਗਤ ਸਿੰਘ ਤੇ ਕੂਕਾ ਲਹਿਰ ਦੇ ਸਥਾਈ ਪ੍ਰਭਾਵ ਉਨ੍ਹਾਂ ਦੇ ਲੇਖਾਂ ਤੇ ਜੀਵਨ ਸ਼ੈਲੀ ਤੋਂ ਸਮਝੇ ਜਾ ਸਕਦੇ ਹਨ।

ਸ਼ਹੀਦ ਬੀਹਲਾ ਸਿੰਘ ਦੀ ਕੂਕਾ ਲਹਿਰ ਵਿਚ ਹਿੱਸੇਦਾਰੀ, ਨਾਰਲੀ ਪਿੰਡ ਦੇ ਇੱਕ ਲੋਕ ਪ੍ਰਸਤ ਵਿਰਸੇ ਦਾ ਹਿੱਸਾ ਹੈ ਤੇ ਚੰਗੇ ਵਿਚਾਰਾਂ ਦਾ ਅਸਰ ਅੱਗੇ ਤੋਂ ਅੱਗੇ ਵੱਧਦਾ ਰਹਿੰਦਾ ਹੈ।

ਘਰ ਸਾਡਾ ਮੁੱਢਲਾ ਸਮਾਜਿਕ ਤੱਤ ਹੈ ਤੇ ਸਮਾਜੀ ਕਦਰਾਂ ਦਾ ਵਿਕਾਸ ਵੀ ਪਹਿਲਾਂ ਉਥੇ ਹੁੰਦਾ ਹੈ।

ਇਹ ਵੀ ਠੀਕ ਹੈ ਕਿ ਰਾਜ ਪ੍ਰਬੰਧ ਆਪਣੇ ਹਿੱਤ ਵਿਚ ਸਮਾਜੀ ਹਿੱਤਾਂ ਵਾਲੀਆਂ ਲਹਿਰਾਂ ਬਾਰੇ ਭਰਮ ਪੈਦਾ ਕਰਕੇ ਆਮ ਲੋਕਾਂ ਨੂੰ ਓਸ ਚੰਗਿਆਈ ਤੋਂ ਵੰਚਿਤ ਕਰਦਾ ਹੈ।ਇਸ ਲਈ ਸਾਡੇ ਇਸ ਮਹਾਨ ਵਿਰਸੇ ਤੋਂ ਨਸਲਾਂ ਨੂੰ ਠੀਕ ਜਾਣੂੰ ਕਰਵਾਉਣਾ ਬਹੁਤ ਹੀ ਅਹਿਮ ਕੰਮ ਹੈ।

ਅੰਤ ਵਿਚ ਮੈਂ ਫਿਰ ਸੂਬਾ ਸੁਰਿੰਦਰ ਕੌਰ ਖਰਲ ਜੀ ਦੇ ਇਸ ਉੱਦਮ ਤੇ ਸਪਿਰਟ ਨੂੰ ਵਧਾਈ ਦੇ ਨਾਲ -ਨਾਲ ਸਿਜਦਾ ਕਰਦਾ ਹਾਂ।

(ਪ੍ਰੋ.) ਜਗਮੋਹਨ ਸਿੰਘ
ਚੇਅਰਮੈਨ
ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ
2409 ਕ੍ਰਿਸ਼ਨ ਨਗਰ,ਲੁਧਿਆਣਾ -140001
ਮੋਬਾਇਲ 98140-01836

ਸ਼ੁਕਰਗੁਜਾਰੀ

ਮੈਨੂੰ ਅਤਿਅੰਤ ਖੁਸ਼ੀ ਹੈ ਅਤੇ ਨਾਲ ਹੀ ਆਪਣੀ ਖੁਸ਼ਨਸੀਬੀ 'ਤੇ ਫਖਰ ਹੈ ਕਿ ਮੈਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੇਸ਼ ਦੀ ਆਜ਼ਾਦੀ ਲਈ ਚਲਾਈ ਗਈ ਨਾਮਧਾਰੀ-ਲਹਿਰ ਅਥਵਾ ਕੂਕਾ-ਮੂਵਮੈਂਟ ਦੇ ਨਾਮਧਾਰੀ ਸ਼ਹੀਦਾਂ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਇਤਿਹਾਸ ਅਤੇ ਪਰਿਵਾਰਾਂ ਦੀ ਖੋਜ ਕਰਕੇ, ਉਨ੍ਹਾਂ ਬਾਰੇ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਮੇਰੇ ਕੋਲ ਸ਼ਬਦ ਨਹੀਂ ਹਨ,ਜਿਨ੍ਹਾਂ ਨਾਲ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਪ੍ਰਤੀ ਸ਼ੁੱਕਰਗੁਜਾਰੀ ਵਿਅਕਤ ਕਰ ਸਕਾਂ।ਸਤਿਗੁਰੂ ਜਿਸ ਤੋਂ ਜੋ ਚਾਹੇ ਕੰਮ ਕਰਵਾ ਸਕਦੇ ਹਨ।ਹਜ਼ੂਰ ਨੇ ਮੇਰੇ ਮਨ ਵਿਚ ਵਿਚਾਰ ਪੈਦਾ ਕੀਤਾ ਕਿ ਨਾਮਧਾਰੀ ਸ਼ਹੀਦਾਂ,ਜਲਾਵਤਨ ਸੂਬਿਆਂ ਅਤੇ ਹੋਰ ਨਾਇਕਾਂ ਅਤੇ ਸੁਤੰਤਰਤਾ ਸੰਗਰਾਮੀਆਂ ਦਾ ਇਤਿਹਾਸ ਅਤੇ ਪਰਿਵਾਰ ਲੱਭਾ ਅਤੇ ਨਾਲ ਹੀ ਹਿੰਮਤ ਬਖਸ਼ੀ ਕਿ ਇਸ ਅਤੀ ਔਖੇ ਕੰਮ ਨੂੰ ਨੇਪਰੇ ਚਾੜ ਸਕਾਂ।

ਸੰਨ 1871-72 ਨੂੰ ਹੋਏ ਨਾਮਧਾਰੀ ਲਹਿਰ ਦੇ ਅੰਮ੍ਰਿਤਸਰ ਰਾਏਕੋਟ,ਲੁਧਿਆਣਾ ਅਤੇ ਮਲੇਰਕੋਟਲਾ ਸਾਕੇ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਜਾ ਕੇ ਲੱਭਣਾ ਕੋਈ ਸੌਖਾ ਕੰਮ ਨਹੀਂ ਸੀ।ਸਿਰਫ਼ ਦੋ ਕੁ ਪਰਿਵਾਰਾਂ (ਸ਼ਹੀਦ ਲਹਿਣਾ ਸਿੰਘ ਪੰਨਵ ਅਤੇ ਸ਼ਹੀਦ ਬਿਸ਼ਨ ਸਿੰਘ ਰੜ) ਨੂੰ ਛੱਡ ਕੇ ਬਾਕੀ ਸਾਰੇ ਸ਼ਹੀਦਾਂ ਦੇ ਪਰਿਵਾਰ ,ਅੰਗਰੇਜ਼ਾਂ ਦੀ ਦਹਿਸ਼ਤ ਅਤੇ ਸਖਤੀਆਂ ਕਾਰਣ ਨਾਮਧਾਰੀ ਨਹੀਂ ਸਨ ਰਹੇ।ਭਾਵੇਂ ਕਈ ਪਰਿਵਾਰ ਦਸਵੰਧ ਵੀ ਦਿੰਦੇ ਰਹੇ ਅਤੇ ਸ੍ਰੀ ਭੈਣੀ ਸਾਹਿਬ ਵੀ ਕਦੇ ਕਦੇ ਕਦੇ ਆਉਂਦੇ ਰਹੇ ਪਰ ਕਈ ਸ਼ਹੀਦਾਂ ਦੇ ਪਰਿਵਾਰ ਤਾਂ ਨਾਮਧਾਰੀ ਪੰਥ ਨਾਲੋਂ ਉੱਕਾ ਹੀ ਟੁੱਟ ਚੁੱਕੇ ਸਨ।ਇਨ੍ਹਾਂ ਨੂੰ ਜੋੜਨ ਦਾ ਇੱਕੋ ਤਰੀਕਾ ਸੀ ਕਿ ਇਨ੍ਹਾਂ ਕੋਲ ਜਾ ਕੇ ਇਨ੍ਹਾਂ ਬਾਰੇ ਪੁੱਛ- ਪੜਤਾਲ ਕੀਤੀ ਜਾਵੇ ਅਤੇ ਇਨ੍ਹਾਂ ਦੇ ਪਰਿਵਾਰਾਂ ਦੀ ਸਮੁੱਚੀ ਬੰਸਾਵਲੀ ਲਿਖੀ ਜਾਵੇ।

ਪੁਰਾਣੇ ਬਜੁਰਗਾਂ ਨੂੰ ਤਾਂ ਪੀੜੀ ਦਰ ਪੀੜੀ ਆਪਣੇ ਪਰਿਵਾਰਾਂ ਬਾਰੇ ਪਤਾ ਲੱਗਦਾ ਰਹਿੰਦਾ ਸੀ ਪਰ ਹੁਣ ਵਾਲੀ ਪੀੜੀ ਤੇ ਆਉਣ ਵਾਲੀ ਪੀੜੀ ਨੂੰ ਸਭ ਕੁੱਝ ਭੁੱਲਦਾ ਜਾਣ ਦੀ ਸੰਭਾਵਨਾ ਬਣੀ ਹੋਈ ਹੈ।

ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਬਖਸ਼ਿਸ਼ ਹੀ ਹੈ ਕਿ ਅਸੀਂ (ਮੈਂ ਅਤੇ ਮੇਰੇ ਪਤੀ ਸੰਤ ਭਗਵੰਤ ਸਿੰਘ) ਉਨ੍ਹਾਂ ਸ਼ਹੀਦਾਂ ਪਰਿਵਾਰਾਂ ਨੂੰ ਸੰਨ 1993 ਤੋਂ ਲੈ ਕੇ ਹੁਣ ਤੀਕ ਉਨ੍ਹਾਂ ਦੇ ਪਿੰਡਾਂ 'ਚ ਜਾ ਕੇ ਲੱਭ ਸਕੇ ਹਾਂ।

ਸ਼ਹੀਦਾਂ ਦੇ ਇਤਿਹਾਸ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਬਾਰੇ ਲਿਖਣਾ ਇਸ ਲਈ ਜ਼ਰੂਰੀ ਨਹੀਂ ਹੈ ਕਿ ਉਹ ਕੋਈ ਖਾਸ ਇਨਸਾਨ ਹਨ।ਉਹ ਵੀ ਸਾਡੇ ਵਰਗੇ ਆਮ ਇਨਸਾਨ ਹਨ।ਸ਼ਹੀਦ ਵੀ ਸਾਡੇ ਵਰਗੇ ਆਮ ਇਨਸਾਨ ਸਨ।ਸ਼ਹੀਦ ਹੋਣ ਵਾਲੇ ਸਿੱਖਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇੰਨੀ ਤਾਕਤ ਬਖਸ਼ੀ ਸੀ ਕਿ ਉਹ ਕਾਮ,ਕੋਧ,ਲੋਭ,ਮੋਹ ਅਤੇ ਹੰਕਾਰ ਤੋਂ ਮੁਕਤ ਹੋਏ ਅਤੇ ਉਨ੍ਹਾਂ ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਚੁੰਮੇ,ਆਪ ਆਪਣੇ ਗਲਾਂ 'ਚ ਫਾਂਸੀ ਦੇ ਫੰਦੇ ਪਾਏ, ਆਪ ਤੋਪਾਂ ਅੱਗੇ ਖੜ੍ਹੇ ਹੋ ਕੇ ਸ਼ਹੀਦੀਆਂ ਦਿੱਤੀਆਂ।

ਸ਼ਹੀਦਾਂ ਦਾ ਇਤਿਹਾਸ ਤਾਂ ਲਿਖਣਾ ਬਣਦਾ ਹੀ ਹੈ,ਸ਼ਹੀਦਾਂ ਦੇ ਪਰਿਵਾਰਾਂ ਬਾਰੇ ਲਿਖਣ ਨਾਲ ਪਤਾ ਲੱਗਦਾ ਹੈ ਕਿ ਉਨ੍ਹਾਂ ਮਰਜੀਵੜਿਆਂ ਦੀ ਅੰਸ-ਵੰਸ਼ ਅਜੇ ਤੱਕ ਵੀ ਕਾਇਮ ਹੈ।ਅੰਗਰੇਜਾਂ ਦੇ ਜੁਲਮਾਂ ਅਤੇ ਸਖਤੀਆਂ ਕਾਰਣ ਇਨ੍ਹਾਂ ਟੁੱਟ ਚੁੱਕੇ ਪਰਿਵਾਰਾਂ ਨੂੰ ਮੁੜ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜਨਾ,ਸਤਿਗੁਰੂ ਜੀ ਦੇ ਸਨਮੁੱਖ ਲਿਆ ਕੇ ਮੁੜ ਨਾਮਧਾਰੀ ਪੰਥ ਨਾਲ ਜੋੜਨਾ ਮੇਰਾ ਮੁੱਖ ਮਕਸਦ ਹੈ।

ਜੇ ਲਿਖਿਆ ਗਿਆ ਤਾਂ ਇਨ੍ਹਾਂ ਪਰਿਵਾਰਾਂ ਦੀਆਂ ਅਗਲੀਆਂ ਪੀੜੀਆਂ ਜੁੜੀਆਂ ਰਹਿਣਗੀਆਂ,ਉਨ੍ਹਾਂ ਨੂੰ ਪਤਾ ਲੱਗੇਗਾ ਕਿ ਅਸੀਂ ਫਲਾਣੇ ਮਹਾਨ ਦੇਸ਼-ਭਗਤ ਸ਼ਹੀਦ ਦੇ ਪਰਿਵਾਰ ਵਿਚੋਂ ਹਾਂ,ਨਹੀਂ ਤਾਂ ਸਭ ਕੁੱਝ ਖਿਲਰ ਜਾਵੇਗਾ।

ਸਤਿਗੁਰੂ ਜੀ ਅਪਾਰ ਬਖਸ਼ਿਸ਼ ਸਦਕਾ ਮੇਰੇ ਮਨ ਦਾ ਇਰਾਦਾ ਬਣਿਆ ਕਿ ਮੈਂ ਹੁਣ ਏਸ ਸਾਰੇ ਇਤਿਹਾਸ ਨੂੰ ਪੁਸਤਕ ਰੂਪ ਦੇਵਾਂ।ਇਸ ਦਿਸ਼ਾ ਵਿਚ ਮੇਰੀ ਪਹਿਲੀ ਪੁਸਤਕ "ਕੂਕਾ ਅੰਦਲੋਨ ਦੇ ਮਹਾਨ ਸੁਤੰਤਰਤਾ ਸੰਗਰਾਮੀ ਨਾਮਧਾਰੀ ਸ਼ਹੀਦ" ਪੰਨੇ ੧੮੦, ਸੰਨ 200੮ ਵਿਚ ਛਪੀ।ਇਸ ਵਿਚ ਮੈਂ ਸਾਰੇ ਸ਼ਹੀਦੀ ਸਾਕਿਆਂ ਬਾਰੇ ਅਤੇ ਇਨ੍ਹਾਂ ਸਾਕਿਆਂ ਵਿਚ ਹੋਏ ਸ਼ਹੀਦਾਂ ਬਾਰੇ, ਉਨ੍ਹਾਂ ਦੇ ਪਿੰਡ,ਬਲਾਕ,ਤਹਿਸੀਲ ਅਤੇ ਜ਼ਿਲ੍ਹੇ ਸਮੇਤ ਜਾਣਕਾਰੀ ਲਿਖੀ ਹੈ।ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ,ਉਨ੍ਹਾਂ ਨਾਲ ਕੈਦ ਹੋਏ ਸੂਬਾ ਸਾਹਿਬਾਨ ਬਾਰੇ ਅਤੇ ਹੋਰ ਸੁਤੰਤਰਤਾ ਸੰਗਰਾਮੀਆਂ ਬਾਰੇ ਲਿਖਿਆ।

ਇਸ ਹੱਥਲੀ ਪੁਸਤਕ ਵਿਚ ਮੈਂ ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਬਾਰੇ ਅਤੇ ਇਸ ਸਾਕੇ ਵਿਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੇ ਇਤਿਹਾਸ ਅਤੇ ਪਰਿਵਾਰਾਂ ਬਾਰੇ ਲਿਖਿਆ ਹੈ।

ਇਸ ਪੁਸਤਕ ਨੂੰ ਛਪਵਾਉਣ ਮਗਰੋਂ ਮੈਂ ਕ੍ਰਮਵਾਰ ਰਾਏਕੋਟ,ਲੁਧਿਆਣਾ ਅਤੇ ਮਲੇਰਕੋਟਲਾ ਸਾਕੇ ਦੇ ਸ਼ਹੀਦਾਂ ਦੇ ਇਤਿਹਾਸ ਅਤੇ ਉਨ੍ਹਾਂ ਦੀਆਂ ਹੁਣ ਤੀਕ ਦੀਆਂ ਪਰਿਵਾਰਕ ਬੰਸਾਵਲੀਆਂ ਦੀਆਂ ਵੱਖੋ-ਵੱਖ ਪੁਸਤਕਾਂ ਲਿਖਕੇ ਛਪਵਾਉਣ ਦਾ ਸੰਕਲਪ ਰੱਖਦੀ ਹਾਂ।ਇਸ ਮਗਰੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਕੈਦ ਕੀਤੇ ਗਏ ਸੂਬਾ -ਸਾਹਿਬਾਨ ਬਾਰੇ ਲਿਖਣਾ ਹੈ।ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸਤਿਗੁਰੂ ਮੈਨੂੰ ਅਵੱਸ਼ ਸਫਲਤਾ ਬਖਸ਼ਣਗੇ।

ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੀ ਬਹੁਤ ਬਖਸ਼ਿਸ਼ ਕਰਦੇ ਹਨ,ਉਤਸ਼ਾਹ ਦਿੰਦੇ ਹਨ ਕਿ ਮੈਂ ਇਸ ਕੰਮ ਨੂੰ ਜਾਰੀ ਰੱਖ ਸਕਾਂ ਤਾਂ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਮੇਰੇ ਤੋਂ ਕਰਵਾਇਆ ਗਿਆ,ਇਹ ਖੋਜ ਕਾਰਜ ਅਜਾਈਂ ਨਾ ਜਾਵੇ।ਮੈਂ ਵਰਤਮਾਨ ਸ੍ਰੀ ਸਤਿਗੁਰੂ ਜੀ ਦੀ ਬਹੁਤ ਸ਼ੁਕਰਗੁਜਾਰ ਹਾਂ।

ਇੱਕ ਵਾਰ ਸਾਰੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਲੱਭ ਲੈਣ ਨਾਲ ਹੀ ਇਹ ਕਾਰਜ ਸਮਾਪਤ ਨਹੀਂ ਹੋ ਜਾਂਦਾ ਬਲਕਿ ਉਨ੍ਹਾਂ ਪਰਿਵਾਰਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਣ ਦੀ ਲੋੜ ਹੁੰਦੀ ਹੈ ਤਾਂ ਜੋ ਉਨ੍ਹਾਂ ਦੀਆਂ ਅਗਲੀਆਂ ਪੀੜੀਆਂ ਉਨ੍ਹਾਂ ਦੇ ਵਾਰਸ- ਬੱਚਿਆਂ,ਨੌਜਵਾਨਾਂ ਨੂੰ ਜੋੜੀ ਰੱਖਿਆ ਜਾ ਸਕੇ।

ਇਨ੍ਹਾਂ ਸਾਰੇ ਸਾਕਿਆਂ ਦੇ ਸ਼ਹੀਦ ਕ੍ਰੀਬ 45 ਪਿੰਡਾਂ ਦੇ ਹਨ,ਮੌਜੂਦਾ ਪਰਿਵਾਰ ਪਿੰਡਾਂ ਵਿਚ ਵੀ ਹਨ ਅਤੇ ਪਿੰਡਾਂ ਤੋਂ ਖਿਲਰ ਕੇ ਕੁਝ ਪਰਿਵਾਰ ਦੇਸ਼ ਦੇ ਵੱਖ-2 ਇਲਾਕਿਆਂ ਵਿਚ ਅਤੇ ਵਿਦੇਸ਼ਾਂ ਵਿਚ ਵੀ ਵੱਸਦੇ ਹਨ।

ਮੈਂ ਉਨ੍ਹਾਂ ਸਭਨਾਂ ਦੀ ਬਹੁਤ ਬਹੁਤ ਧੰਨਵਾਦੀ ਹਾਂ ਜਿੰਨਾਂ ਨੇ ਮੇਰੀ ਹੱਥਲੀ ਪੁਸਤਕ ਵਿਚ ਮੇਰਾ ਸਹਿਯੋਗ ਅਤੇ ਹੱਲਾਸ਼ੇਰੀ ਪ੍ਰਦਾਨ ਕੀਤੀ।

ਸਭ ਤੋਂ ਪਹਿਲਾਂ ਮੈਂ ਆਪਣੇ ਪਤੀ ਸੰਤ ਭਗਵੰਤ ਸਿੰਘ ਜੀ ਦਾ ਧੰਨਵਾਦ ਕਰਦੀ ਹਾਂ ,ਜਿਹੜੇ ਹਰ ਸਮੇਂ ,ਮੇਰੇ ਹਰ ਸਾਹਿੱਤਕ ਕੰਮ ਵਿਚ ਮੈਨੂੰ ਸਾਥ ਦਿੰਦੇ ਅਤੇ ਉਤਸ਼ਾਹ ਤੇ ਹੌਸਲਾ ਪ੍ਰਦਾਨ ਕਰਦੇ ਆ ਰਹੇ ਹਨ।ਮੈਂ ਆਪਣੇ ਪਰਿਵਾਰ ਦੀ ਵੀ ਧੰਨਵਾਦੀ ਹਾਂ ਜਿੰਨਾਂ ਕਾਰਣ ਮੈਨੂੰ ਇਹ ਕਾਰਜ ਕਰਨ ਦਾ ਸਮਾਂ ਮਿਲਦਾ ਰਹਿੰਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਹਰਪਾਲ ਸਿੰਘ ਅਤੇ ਹਜ਼ੂਰੀ ਸੇਵਕ ਰਛਪਾਲ ਸਿੰਘ ਤੋਂ ਇਲਾਵਾ ਸ.ਸਵਰਨ ਸਿੰਘ ਵਿਰਕ ਮੇਰੇ ਹਰ ਲੇਖਣ-ਕਾਰਜ ਵਿੱਚ ਹਮੇਸ਼ਾ ਦਿਲਚਸਪੀ ਲੈਂਦੇ ਅਤੇ ਸਹਿਯੋਗ ਦਿੰਦੇ ਰਹੇ ਹਨ।ਮੈਂ ਇਨ੍ਹਾਂ ਦੀ ਹਾਰਦਿਕ ਧੰਨਵਾਦੀ ਹਾਂ।

ਮੈਂ ਹਾਰਦਿਕ ਧੰਨਵਾਦੀ ਹਾਂ,ਪ੍ਰੋ.ਜਗਮੋਹਨ ਸਿੰਘ ਜੀ (ਸ਼ਹੀਦ ਭਗਤ ਸਿੰਘ ਦਾ ਭਾਣਜਾ) ਦੀ ਜਿੰਨਾ ਨੇ ਮੇਰੀ ਇਸ ਪੁਸਤਕ ਦਾ ਖਰੜਾ ਪੜ ਕੇ ਆਪਣੇ ਕੀਮਤੀ ਵਿਚਾਰ ਲਿਖ ਕੇ ਦਿੱਤੇ ਹਨ।

ਸ.ਨਿਰਮਲ ਸਿੰਘ ਭੱਟੀ (ਸ਼ਹੀਦ ਲਹਿਣਾ ਸਿੰਘ ਪੰਨਵ ਪਰਿਵਾਰ ਵਿਚੋਂ) ਨੇ ਕਈ ਪਰਿਵਾਰਾਂ ਬਾਰੇ ਮੈਨੂੰ ਬਹੁਮੁੱਲੀ ਜਾਣਕਾਰੀ ਦਿੱਤੀ,ਮੈਂ ਅਤੀ ਧੰਨਵਾਦੀ ਹਾਂ।

ਮੈਂ ਧੰਨਵਾਦੀ ਹਾਂ ਬੀਬੀ ਸਤਵਿੰਦਰ ਕੌਰ,ਉਨ੍ਹਾਂ ਦੇ ਪਤੀ ਸ.ਸੁਰਿੰਦਰ ਸਿੰਘ ਪਿੰਡ ਰਾਣੀਆਂ ਅਤੇ ਪਰਿਵਾਰ ਦੀ ਜਿਨ੍ਹਾਂ-ਜਿਨ੍ਹਾਂ ਨੇ ਮੈਨੂੰ ਭਰਪੂਰ ਉਤਸ਼ਾਹ ਅਤੇ ਸਹਾਇਤਾ ਦਿੱਤੀ।

ਸੂਬਾ ਅਮਰੀਕ ਸਿੰਘ ਅੰਮ੍ਰਿਤਸਰ ,ਸੂਬਾ ਸ਼ਾਮ ਸਿੰਘ ਤਰਨਤਾਰਨ ,ਸ਼੍ਰੀ ਰਵਿੰਦਰ ਸਿੰਘ ਜੌਹਲ,ਸੂਬਾ ਰੇਸ਼ਮ ਸਿੰਘ ਅਤੇ ਬੀਬੀ ਹਰਦੀਪ ਕੌਰ ਕੈਨੇਡਾ ,ਸਰਵ ਸ੍ਰੀ ਸੁਲੱਖਣ ਸਿੰਘ ਦਿੱਲੀ ,ਜੀ ਪੀ ਸਿੰਘ ਲੁਧਿਆਣਾ ,ਤੇਜਿੰਦਰ ਸਿੰਘ ਅਮਰੀਕਾ ਅਤੇ ਹੋਰ ਵੀ ਜਿੰਨਾਂ ਜਿਨ੍ਹਾਂ ਨੇ ਮੈਨੂੰ ਉਤਸ਼ਾਹ ਅਤੇ ਸਹਾਇਤਾ ਦਿੱਤੀ,ਮੈਂ ਸਭਨਾਂ ਪ੍ਰਤੀ ਆਪਣਾ ਅਤੀ ਆਭਾਰ ਪ੍ਰਗਟ ਕਰਦੀ ਹਾਂ।

ਮੈਂ ਅਤੀ ਧੰਨਵਾਦੀ ਹਾਂ ਕਿ ਸ਼੍ਰੀ ਹਰੀਸ਼ ਜੈਨ ਅਤੇ ਸ਼੍ਰੀ ਰੋਹਿਤ ਜੈਨ ਜੀ ਦੀ ਜ਼ਿਨ੍ਹਾਂ ਦੇ ਬੜੇ ਧਿਆਨ,ਦਿਲਚਸਪੀ ਅਤੇ ਰੀਝ ਨਾਲ ਇਸ ਪੁਸਤਕ ਨੂੰ ਛਾਪ ਕੇ ਮੇਰੇ ਸੁਫਨੇ ਨੂੰ ਪੂਰਾ ਕੀਤਾ ਹੈ।

ਖੋਜ ਦਾ ਕੰਮ ਕਦੇ ਮੁੱਕਦਾ ਨਹੀਂ।ਖੋਜ ਅਜੇ ਜਾਰੀ ਹੈ,ਲਿਖਦਿਆਂ ਕੁੱਝ ਉਣਤਾਈਆਂ ਵੀ ਰਹਿ ਗਈਆਂ ਹੋਣਗੀਆਂ,ਉਨ੍ਹਾਂ ਲਈ ਮੈਂ ਖਿਮਾਂ ਦੀ ਜਾਚਕ ਹਾਂ।ਸ੍ਰੀ ਸਤਿਗੁਰੂ ਜੀ ਕਿਰਪਾ ਕਰਨ,ਮੈਂ ਹੋਰ ਵਧੀਆ ਲਿਖ ਸਕਾਂ।

ਸੂਬਾ ਸੁਰਿੰਦਰ ਕੌਰ ਖਰਲ,
ਰੂਪਨਗਰ।

ਮਿਤੀ 15 ਅਗਸਤ 2018

ਕੂਕਾ ਅੰਦੋਲਨ ਦਾ ਇਤਿਹਾਸ

ਕੂਕਾ ਅੰਦੋਲਨ

(ਸੰਖੇਪ ਵਿਚ)

'ਕੂਕਾ ਅੰਦੋਲਨ', ਸੁਤੰਤਰਤਾ ਸੰਗਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੰਨ 1857 ਵਿਚ ਚਲਾਈ ਗਈ ਦੇਸ਼ ਭਗਤੀ ਦੀ ਇਕ ਮਹਾਨ ਲਹਿਰ ਸੀ।

ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਅੰਗ੍ਰੇਜ਼ ਸਰਕਾਰ ਵਿਰੁੱਧ ਨਾਮਿਲਵਰਤਣ ਲਹਿਰ ਚਲਾ ਕੇ ਬੰਨ੍ਹਿਆ। ਅੰਗ੍ਰੇਜ਼ ਸਰਕਾਰ ਦੀ ਨੌਕਰੀ, ਉਨ੍ਹਾਂ ਦੇ ਚਲਾਏ ਸਕੂਲ, ਅਦਾਲਤਾਂ, ਸਾਰੀਆਂ ਵਿਦੇਸ਼ੀ ਵਸਤਾਂ ਦੇ ਬਾਈਕਾਟ ਦੇ ਨਾਲ-ਨਾਲ, ਰੇਲ, ਤਾਰ ਤੇ ਡਾਕ ਦਾ ਵੀ ਬਾਈਕਾਟ ਕੀਤਾ ਗਿਆ।

ਅੰਗ੍ਰੇਜ਼ੀ ਵਸਤਾਂ ਦੀ ਥਾਂ ਭਾਰਤੀ ਘਰੇਲੂ ਵਸਤੂਆਂ ਦੇ ਪ੍ਰਯੋਗ ਕਰਨ ਦੇ ਆਦੇਸ਼ ਨਾਲ ਸਵਦੇਸ਼ੀ ਦਾ ਪ੍ਰਚਾਰ ਹੋਇਆ। ਇਸ ਸਾਰੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਇਲਾਕਿਆਂ ਵਿਚ ਸੂਬੇ ਨਿਯੁਕਤ ਕਰਨੇ, ਆਪਣਾ 'ਕੂਕਾ ਡਾਕ ਪ੍ਰਬੰਧ' ਕਾਇਮ ਕਰਨਾ, ਦੇਸੀ ਰਿਆਸਤਾਂ ਨਾਲ ਗੱਠ ਜੋੜ, ਫ਼ੌਜੀ ਸਿੱਖਿਆ ਲਈ ਕਸ਼ਮੀਰ ਰਾਜ ਵਿਚ "ਕੂਕਾ ਪਲਟਨ" ਦੀ ਸਥਾਪਨਾ ਅਤੇ ਵਿਦੇਸ਼ਾਂ ਵਿਚ ਗੁਆਂਢੀ ਦੇਸ਼ਾਂ ਨੇਪਾਲ, ਰੂਸ ਅਤੇ ਅਫ਼ਗਾਨਿਸਤਾਨ ਨਾਲ ਰਾਜਨੀਤਿਕ ਸੰਬੰਧ ਬਣਾਉਣੇ, ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਨੇ ਆਪਣੀ ਸਰਕਾਰ ਬਣਾ ਕੇ ਸਵੈਰਾਜ ਸਥਾਪਿਤ ਕਰ ਲਿਆ ਸੀ।

ਸ੍ਰੀ ਸਤਿਗੁਰੂ ਰਾਮ ਜੀ ਨੇ ਅੰਗ੍ਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' (Divide & Rule) ਦੀ ਕੁਟਿਲ ਨੀਤੀ ਦੇ ਵਿਰੁੱਧ 'ਜੁੜੋ ਤੇ ਲੜੋ' (Unite & Fight) ਦੀ ਨੀਤੀ ਦਾ ਐਲਾਨ ਕੀਤਾ। ਸ੍ਰੀ ਸਤਿਗੁਰੂ ਜੀ ਨੇ 12 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਸੰਤ ਖਾਲਸਾ' ਦੀ ਸਿਰਜਣਾ ਕਰ ਕੇ ਮੁਰਝਾ ਚੁੱਕੀ ਸਿੱਖੀ ਨੂੰ ਸੁਰਜੀਤ ਕੀਤਾ, ਆਪ ਜੀ ਨੇ ਬਾਣੀ ਪੜ੍ਹਨ ਅਤੇ ਨਾਮ ਸਿਮਰਨ ਕਰਨ ਲਈ ਲੋਕਾਂ ਨੂੰ ਪ੍ਰੇਰ ਕੇ ਗੁਰਮਤ ਵੱਲ ਲਾਇਆ। ਸ੍ਰੀ ਸਤਿਗੁਰੂ ਜੀ ਦੇ ਤੇਜ-ਪ੍ਰਤਾਪ ਨਾਲ ਜਿੱਧਰ ਜਾਂਦੇ ਹਜ਼ਾਰਾਂ ਦੇ ਗਿਣਤੀ ਵਿਚ ਸਿੱਖ ਸਜ ਜਾਂਦੇ। ਪਿੰਡਾਂ ਦੇ ਪਿੰਡ ਸਿੱਖ ਸਜ ਗਏ। ਦਸ ਸਾਲਾਂ ਵਿਚ ਸੱਤ ਲੱਖ ਦੀ ਗਿਣਤੀ ਵਿਚ ਸਿੱਖ ਸਜ ਗਏ।

ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਲਈ ਸਾਰਥਕ ਕਦਮ ਚੁੱਕ ਕੇ, ਸ੍ਰੀ ਸਤਿਗੁਰੂ ਜੀ ਨੇ ਬਹੁਤ ਵੱਡਾ ਉਪਕਾਰ ਕੀਤਾ। ਜੰਮਦੀਆਂ ਕੁੜੀਆਂ ਨੂੰ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ ਵਿਆਹ ਕਰਨ ਤੋਂ ਲੋਕਾਂ ਨੂੰ ਰੋਕਿਆ। ਸਤੀ ਪ੍ਰਥਾ ਨੂੰ ਬੰਦ ਕਰਨ ਅਤੇ ਵਿਧਵਾ ਦਾ ਮੁੜ ਵਿਆਹ ਕਰਨ ਲਈ ਪ੍ਰੇਰਿਆ। ਜੂਨ ਸੰਨ 1863 (ਸੰਮਤ 1920) ਵਿਚ ਸ੍ਰੀ ਸਤਿਗੁਰੂ ਜੀ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਇਆ। ਇਸੇ ਸਾਲ ਛੇ ਅੰਤਰਜਾਤੀ ਜੋੜਿਆਂ ਦੇ ਵਿਆਹ ਕਰ ਕੇ, ਸ੍ਰੀ ਸਤਿਗੁਰੂ ਜੀ ਨੇ ਗੁਰਮਤ ਆਨੰਦ-ਕਾਰਜ ਕਰਨ ਦੀ ਮਰਿਯਾਦਾ ਆਰੰਭੀ।

ਭਾਰਤਵਾਸੀਆਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ, ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਦੁਆਉਣ ਲਈ ਅਤੇ ਹਿੰਦੂ, ਸਿੱਖ/ਮੁਸਲਮਾਨਾਂ ਵਿਚ ਦਰਾੜ ਪਾ ਕੇ ਉਨ੍ਹਾਂ ਨੂੰ ਇਕ ਦੂਜੇ ਨਾਲ ਲੜਾਉਣ ਦੇ ਮਨੋਰਥਾਂ ਹਿਤ, ਅੰਗ੍ਰੇਜ਼ ਸਰਕਾਰ ਨੇ ਅੰਮ੍ਰਿਤਸਰ, ਮਲੇਰਕੋਟਲਾ ਅਤੇ ਰਾਏਕੋਟ ਵਿਖੇ ਗੁਰੂ-ਧਾਮਾਂ ਨੇੜੇ ਬੁੱਚੜਖਾਨੇ ਖੁਲ੍ਹਵਾ ਦਿੱਤੇ। ਗਊ ਭਾਰਤ ਦੇ ਹਿੰਦੂ ਤੇ ਸਿੱਖ ਸਮਾਜ ਲਈ ਮਾਂ ਦਾ ਦਰਜਾ ਰੱਖਦੀ ਸੀ ਅਤੇ ਹੁਣ ਵੀ ਰਖਦੀ ਹੈ। ਅੰਗਰੇਜ਼ ਹਾਕਮਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਗਊ ਹੱਤਿਆ ਤੋਂ ਲਗੀ ਪਾਬੰਦੀ ਨੂੰ ਤੋੜ ਕੇ ਗਊ ਹੱਤਿਆ ਦੀ ਆਗਿਆ ਦੇ ਕੇ ਇਕ ਕੋਝੀ ਚਾਲ ਚਲੀ ਸੀ। ਗਊ-ਬਧ ਕਰਕੇ, ਗਊ ਮਾਸ ਵੇਚਿਆ ਹੀ ਨਹੀਂ ਜਾਣ ਲੱਗਾ ਸਗੋਂ ਸਿੱਖਾਂ ਅਤੇ ਹਿੰਦੂਆਂ ਦੇ ਪੂਜਨੀਕ ਧਾਰਮਕ ਅਸਥਾਨਾਂ ਨੂੰ ਮਾਸ ਤੇ ਹੱਡੀਆਂ ਸੁੱਟ ਕੇ ਅਪਵਿੱਤਰ ਕੀਤਾ ਜਾਣ ਲੱਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਤੋਂ ਇਹ ਸਹਿਣ ਨਹੀਂ ਹੋਇਆ। ਬੁੱਚੜਖਾਨਿਆਂ 'ਤੇ ਹਮਲਾ ਕਰ ਕੇ ਨਾਮਧਾਰੀਆਂ ਨੇ ਅੰਗ੍ਰੇਜ਼ਾਂ ਨਾਲ ਸਿੱਧੀ ਟੱਕਰ ਲਈ।

ਗਊਆਂ ਨੂੰ ਬੁੱਚੜਖਾਨਿਆਂ ਵਿਚੋਂ ਛੁਡਾਉਣ ਦੇ ਜੁਰਮ ਵਿਚ, ਅੰਗ੍ਰੇਜ਼ ਹਕੂਮਤ ਵੱਲੋਂ ਸੰਨ 1871 ਨੂੰ ਅੰਮ੍ਰਿਤਸਰ ਵਿਖੇ ਚਾਰ, ਰਾਏਕੋਟ ਵਿਖੇ ਤਿੰਨ ਅਤੇ ਲੁਧਿਆਣਾ ਵਿਖੇ ਦੋ ਨਾਮਧਾਰੀ ਸਿੱਖਾਂ ਨੂੰ, ਸਿਰਫ਼ ਭਾਰਤੀ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ, ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਇਹਨਾਂ ਸਿੱਖਾਂ ਨੇ ਫਾਂਸੀ ਦੇ ਫੰਦੇ ਆਪ ਆਪਣੇ ਗਲਾਂ ਵਿਚ ਪਾਏ।

ਮਲੇਰਕੋਟਲਾ ਵਿਖੇ 17-18 ਜਨਵਰੀ ਸੰਨ 1872 (6-7 ਮਾਘ ਸੰਮਤ 1928) ਨੂੰ ਇਸੇ ਦੋਸ਼ ਅਧੀਨ ਬਿਨਾਂ ਮੁਕੱਦਮਾ ਚਲਾਏ 66 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। 17 ਜਨਵਰੀ ਸੰਨ 1872 ਨੂੰ, ਮਲੇਰਕੋਟਲਾ ਦੇ ਰੱਕੜ ਵਿਚ ਸੱਤ ਤੋਪਾਂ ਸੱਤ ਵਾਰ ਚਲੀਆਂ ਅਤੇ 49 ਸਿੱਖ ਨੱਸ-ਨੱਸ ਕੇ ਆਪ ਤੋਪਾਂ ਅੱਗੇ ਆ ਕੇ ਸ਼ਹੀਦ ਹੋ ਗਏ। 50ਵਾਂ ਸ਼ਹੀਦ ਹੋਇਆ ਸਿੱਖ ਇਕ 12 ਸਾਲ ਦਾ ਬਾਲਕ ਬਿਸ਼ਨ ਸਿੰਘ ਸੀ। ਇਸ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਇਸ ਨੇ ਗੁੱਸੇ ਵਿਚ ਅੰਗ੍ਰੇਜ਼ ਅਫ਼ਸਰ ਕਾਵਨ ਦੀ ਦਾੜ੍ਹੀ ਨੂੰ ਜਾ ਹੱਥ ਪਾਇਆ ਸੀ। ਬਾਕੀ ਦੇ 16 ਸਿੱਖਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ।

ਇਕ ਅੰਗ੍ਰੇਜ਼ ਜੋ ਭਾਰਤ ਵਿਚ ਉਸ ਵੇਲੇ ਸੈਰ ਕਰਨ ਆਇਆ ਹੋਇਆ ਸੀ, ਨੇ ਆਪਣੇ ਸਫਰਨਾਮੇ ਵਿਚ ਲਿਖਿਆ ਹੈ, "ਯੂਰਪ ਵਾਲੇ ਇਕ ਈਸਾ 'ਤੇ ਮਾਣ ਕਰਦੇ ਹਨ, ਮੈਂ ਅਨੇਕ ਈਸਾ ਨੱਸ ਨੱਸ ਕੇ ਤੋਪਾਂ ਸਾਹਮਣੇ ਆਉਂਦੇ ਤੇ ਮੌਤ ਨੂੰ ਗਲਵੱਕੜੀ ਪਾਉਂਦੇ ਵੇਖੇ ਹਨ।'

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਨਾਮਧਾਰੀ ਸ਼ਹੀਦ ਮੌਤ ਦੇ ਡਰ ਤੋਂ ਮੁਕਤ ਹੋ ਗਏ ਸਨ। ਉਹ ਹੱਸ-ਹੱਸ ਕੇ ਤੋਪਾਂ ਅੱਗੇ ਆਉਂਦੇ ਸਨ ਅਤੇ ਫਾਂਸੀ ਦੇ ਫੰਦੇ ਆਪ ਆਪਣੇ ਗਲਾਂ ਵਿਚ ਪਾਉਂਦੇ ਸਨ। ਅੰਗ੍ਰੇਜ਼ਾਂ ਨੇ, ਨਾਮਧਾਰੀ ਸਿੱਖਾਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ, ਸਮੁੰਦਰ 'ਚ ਡੋਬ ਕੇ, ਕਾਲੇ ਪਾਣੀ ਕੈਦ ਕਰਕੇ ਅਤੇ ਹੋਰ ਕਈ ਪ੍ਰਕਾਰ ਨਾਲ ਸ਼ਹੀਦ ਕੀਤਾ।

ਸ਼ਹੀਦ ਸਿੱਖਾਂ ਦੀਆਂ ਜਮੀਨ ਜਾਇਦਾਤਾਂ ਜਬਤ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ ਗਿਆ। ਉਨ੍ਹਾਂ ਦੇ ਘਰਾਂ ਵਿਚੋਂ ਸਾਰਾ ਸਮਾਨ ਇਥੋਂ ਤੀਕ ਕਿ ਗਰਮ ਤੇ ਠੰਡੇ ਦੁੱਧ ਦੇ ਭਾਂਡੇ ਤੱਕ ਅੰਗ੍ਰੇਜ਼ ਸਰਕਾਰ ਵੱਲੋਂ ਜਬਤ ਕਰ ਲਏ ਗਏ। ਉਹਨ੍ਹਾਂ ਦੇ ਘਰਾਂ ਵਿਚ ਕੁਝ ਨਹੀਂ ਛੱਡਿਆ।

ਮਲੇਰਕੋਟਲਾ ਸਾਕੇ ਦੇ ਫੌਰਨ ਮਗਰੋਂ 18 ਜਨਵਰੀ 1872 ਤੋਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ, ਸੰਨ 1818 ਦੇ ਰੈਗੂਲੇਸ਼ਨ III ਐਕਟ ਤਹਿਤ ਉਨ੍ਹਾਂ ਦੇ ਨਿਜੀ ਸੇਵਕ ਭਾਈ ਨਾਨੂੰ ਸਿੰਘ ਅਤੇ ਪ੍ਰਮੁੱਖ ਸੂਬੇ ਸਾਹਿਬਾਨ ਸਮੇਤ ਅਲਾਹਾਬਾਦ ਕਿਲੇ ਵਿਚ ਨਜ਼ਰਬੰਦ ਰਖਿਆ ਗਿਆ। ਉਥੋਂ, 16 ਮਾਰਚ 1872 ਨੂੰ, ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਨਿਜੀ ਸੇਵਕ ਸਮੇਤ, ਕਲਕੱਤੇ ਤੋਂ ਰੰਗੂਨ (ਬਰਮਾ) ਵਿਖੇ ਕੈਦ ਭੇਜ ਦਿੱਤਾ। ਉਥੋਂ ਵੀ ਕ਼ਰੀਬ ਸਾਢੇ 8 ਸਾਲ ਬਾਅਦ ਸ੍ਰੀ ਸਤਿਗੁਰੂ ਜੀ ਨੂੰ, ਦੇਸ਼ ਨਾਲੋਂ ਹੁਕਮਨਾਮਿਆਂ ਰਾਹੀਂ ਨਾਤਾ ਤੋੜਨ ਲਈ, ਮਰਗੋਈ ਟਾਪੂ (ਬਰਮਾ) ਵਿਖੇ ਭੇਜ ਦਿੱਤਾ ਗਿਆ। ਸੂਬਿਆਂ ਨੂੰ ਵੱਖੋਂ ਵੱਖ ਥਾਵਾਂ 'ਤੇ ਭੇਜ ਕੇ ਕੈਦ ਰਖਿਆ ਗਿਆ ।

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਪਿਛੋਂ, ਸ੍ਰੀ ਭੈਣੀ ਸਾਹਿਬ ਦੀ ਡਿਉੜੀ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ ਗਈ, ਜਿਹੜੀ ਕਰੀਬ 50 ਸਾਲ (ਸੰਨ 1872 ਤੋਂ 1923 ਤੀਕ) ਰਹੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜਿਵੇਂ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਪੰਥ 'ਤੇ ਸਖ਼ਤੀਆਂ ਅਤੇ ਜ਼ੁਲਮ ਕੀਤੇ, ਇਹ ਇਕ ਰੌਂਗਟੇ ਖੜੇ ਕਰਨ ਵਾਲਾ ਗੌਰਵਮਈ ਇਤਿਹਾਸ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਨਾ-ਮਿਲਵਰਤਣ ਲਹਿਰ ਨੂੰ ਕ਼ਰੀਬ 50 ਸਾਲ ਬਾਅਦ ਕਾਂਗਰਸੀਆਂ ਨੇ ਅਪਣਾਇਆ ਅਤੇ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਵੱਲ ਕਦਮ ਚੁੱਕੇ। ਕ਼ਰੀਬ ਸਾਰੀਆਂ ਦੇਸ਼ ਭਗਤ ਪਾਰਟੀਆਂ ਨੇ ਕੂਕਾ ਅੰਦੋਲਨ ਤੋਂ ਪ੍ਰੇਰਨਾ ਲਈ।

ਅੰਮ੍ਰਿਤਸਰ ਦਾ ਸਾਕਾ

14 ਜੂਨ 1871 ਦੀ ਅੱਧੀ ਰਾਤ ਨੂੰ ਨਾਮਧਾਰੀ ਸਿੱਖਾਂ ਦੇ ਇਕ ਜੱਥੇ ਨੇ ਅੰਮ੍ਰਿਤਸਰ ਵਿਖੇ, ਬੁੱਚੜਖਾਨੇ 'ਤੇ ਹਮਲਾ ਕਰ ਕੇ ਗਊਆਂ ਦੇ ਰੱਸੇ ਵੱਢ ਕੇ ਉਨ੍ਹਾਂ ਨੂੰ ਛੁਡਾ ਦਿੱਤਾ ਅਤੇ ਤਲਵਾਰਾਂ ਅਤੇ ਗੰਡਾਸਿਆਂ ਨਾਲ , ਰੋਕਣ ਆਏ ਕਸਾਈਆਂ 'ਤੇ ਹਮਲਾ ਕਰ ਕੇ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ। ਸਿੱਖਾਂ ਦੇ ਇਸ ਜੱਥੇ ਵਿਚ ਸ਼ਾਮਿਲ ਸਨ – ਸਰਵ ਸ੍ਰੀ ਲਹਿਣਾ ਸਿੰਘ ਪੰਨਵ ਸਪੁੱਤਰ ਮੁਸੱਦਾ ਸਿੰਘ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ, ਫਤਿਹ ਸਿੰਘ ਦੁਕਾਨਦਾਰ, ਝੰਡਾ ਸਿੰਘ ਠੱਠਾ, ਸਿਪਾਹੀ ਲਾਲ ਸਿੰਘ, ਲਹਿਣਾ ਸਿੰਘ ਸਪੁੱਤਰ ਬੁਲਾਕਾ ਸਿੰਘ, ਭਗਵਾਨ ਸਿੰਘ ਅੜਬੰਗੀ ਪਿੰਡ ਮਰਾਨ੍ਹਾ, ਮਿਹਰ ਸਿੰਘ ਲੋਪੋਕੇ, ਲਛਮਣ ਸਿੰਘ ਗੁਰਦਾਸਪੁਰ ਅਤੇ ਗੁਲਾਬ ਸਿੰਘ ਚੂੜਚੱਕ।

ਇਹ ਸਿੱਖ ਰਾਤ ਦੇ ਹਨੇਰੇ ਵਿਚ ਫੜੇ ਨਾ ਜਾ ਸਕੇ। ਅੰਗ੍ਰੇਜ਼ ਪੁਲਿਸ ਅਫ਼ਸਰ ਮਿਸਟਰ ਕ੍ਰਿਸਟੀ ਨੇ ਸ਼ੱਕ ਦੇ ਅਧਾਰ ਤੇ 12 ਬੇਕਸੂਰ ਵਿਅਕਤੀਆਂ ਨੂੰ ਫੜ ਲਿਆ ਤੇ ਅਜਿਹੇ ਭਿਆਨਕ ਤਸੀਹੇ ਦਿੱਤੇ ਕਿ ਉਨ੍ਹਾਂ ਨੇ ਆਪਣਾ ਜ਼ੁਰਮ ਕਬੂਲ ਕਰ ਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ, ਜਿਨ੍ਹਾਂ ਸਿੱਖਾਂ ਨੇ ਅੰਮ੍ਰਿਤਸਰ ਦਾ ਸਾਕਾ ਕੀਤਾ ਸੀ ਉਨ੍ਹਾਂ ਵਿਚੋਂ ਜੋ ਸਿੱਖ ਹਾਜ਼ਰ ਸਨ (ਕੁਝ ਜਣੇ ਰੂਪੋਸ਼ ਹੋ ਚੁੱਕੇ ਸਨ) ਕਚਹਿਰੀ ਵਿਚ ਪੇਸ਼ ਹੋ ਕੇ ਆਪਣੇ ਗੁਨਾਹ ਦਾ ਇਕਬਾਲ ਕਰ ਲਿਆ ਅਤੇ ਫੜੇ ਜਾ ਚੁੱਕੇ 12 ਬੇਗੁਨਾਹਾਂ ਨੂੰ ਛੁਡਵਾ ਦਿੱਤਾ। ਮੁਕੱਦਮਾ ਚੱਲਿਆ ਤੇ ਚਾਰ ਸਿੱਖਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਦੋ ਸਿੱਖਾਂ ਨੂੰ ਕਾਲੇ ਪਾਣੀ ਦੀ ਕੈਦ ਵਿਚ ਭੇਜਿਆ ਗਿਆ, ਜਿੱਥੇ ਉਹ ਤਸੀਹੇ ਝੱਲਦਿਆਂ ਸ਼ਹੀਦ ਹੋ ਗਏ। ਝੰਡਾ ਸਿੰਘ ਠੱਠਾ, ਮਿਹਰ ਸਿੰਘ ਲੋਪੋਕੇ, ਲਛਮਣ ਸਿੰਘ ਗੁਰਦਾਸਪੁਰ ਅਤੇ ਭਗਵਾਨ ਸਿੰਘ ਅੜਬੰਗੀ ਨੂੰ ਭਗੌੜੇ ਕਰਾਰ ਦਿੱਤਾ ਗਿਆ। ਮੁਕੱਦਮੇ ਸਮੇਂ ਭਗੌੜਾ ਕਰਾਰ ਦਿੱਤਾ ਗਿਆ ਝੰਡਾ ਸਿੰਘ ਠੱਠਾ ਜਦੋਂ ਦੋ ਸਾਲ ਬਾਅਦ ਕਾਬਲ ਵੱਲੋਂ ਪਰਤਿਆ ਤਾਂ ਅੰਗ੍ਰੇਜ਼ ਹਕੂਮਤ ਵਲੋਂ ਫੜਿਆ ਗਿਆ ਅਤੇ ਉਸ ਨੂੰ ਇਕ ਦਿਨ ਮੁਕੱਦਮਾ ਚਲਾ ਕੇ 12 ਅਗਸਤ 1873 ਨੂੰ ਫਾਂਸੀ ਦੇ ਦਿੱਤੀ ਗਈ। ਇੰਜ ਇਸ ਸਾਕੇ ਦੇ 7 ਸ਼ਹੀਦ ਹੋਏ । ਇਸ ਸਾਕੇ ਦੇ ਚਾਰ ਸਿੱਖਾਂ – ਲਹਿਣਾ ਸਿੰਘ ਪੰਨਵ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ, ਫਤਿਹ ਸਿੰਘ ਦੁਕਾਨਦਾਰ ਨੂੰ 15 ਸਤੰਬਰ 1871 ਨੂੰ ਅੰਮ੍ਰਿਤਸਰ ਵਿਖੇ ਰਾਮ ਬਾਗ਼ ਦੇ ਇਕ ਵੱਡੇ ਬੋਹੜ ਦੇ ਟਾਹਣੇ ਨਾਲ ਸ਼ਰੇਆਮ ਫਾਂਸੀ ਦਿੱਤੀ ਗਈ। ਵੱਡੀ ਗਿਣਤੀ ਵਿਚ ਸ਼ਹਿਰ ਦੇ ਲੋਕ ਇਸ ਦ੍ਰਿਸ਼ ਨੂੰ ਵੇਖਣ ਆਏ। ਫਾਂਸੀ ਵਾਲੇ ਦਿਨ ਇਨ੍ਹਾਂ ਚਾਰੋ ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਦੀ ਇੱਛਾ ਜਤਾਈ, ਜਿਸ ਦੀ ਪਵਿੱਤਰਤਾ ਦੀ ਰਾਖੀ ਲਈ ਇਨ੍ਹਾਂ ਨੇ ਸ਼ਹੀਦ ਹੋਣਾ ਸੀ ਅਤੇ ਇਹ ਵੀ ਕਿਹਾ ਕਿ ਗਊ ਦੀ ਤੰਦੀ ਦੇ ਬਣੇ ਰੱਸੇ ਉਹ ਆਪਣੇ ਸਰੀਰ ਨਾਲ ਨਹੀਂ ਲੱਗਣ ਦੇਣਗੇ ਅਤੇ ਜੱਲਾਦ ਉਹਨਾਂ ਨੂੰ ਹੱਥ ਨਾ ਲਗਾਵੇ, ਫਾਸੀਆਂ ਦੇ ਰੱਸੇ ਉਹ ਆਪ ਹੀ ਆਪਣੇ ਗਲਾਂ ਵਿਚ ਵਾਰੋ ਵਾਰੀ ਪਾਉਣਗੇ। ਸੋ ਵਿਸ਼ੇਸ਼ ਰੂਪ ਵਿਚ ਰੇਸ਼ਮ ਦੀ ਡੋਰੀ ਦੇ ਰੱਸੇ ਇਨ੍ਹਾਂ ਲਈ ਬਣਵਾਏ ਗਏ। ਇਸ਼ਨਾਨ ਕਰਨ ਉਪ੍ਰੰਤ ਇਹ ਸਿੱਖ ਇਹ ਸ਼ਬਦ ਪੜ੍ਹਦੇ ਹੋਏ ਫਾਂਸੀ ਵਾਲੀ ਥਾਂ ਪੁੱਜੇ – "ਤੇਰੀ ਸਰਨ ਮੇਰੇ ਦੀਨ ਦਿਆਲਾ, ਸੁਖ ਸਾਗਰ ਮੇਰੇ ਗੁਰ ਗੋਪਾਲਾ।

ਕਰ ਕਿਰਪਾ ਨਾਨਕ ਗੁਣ ਗਾਵੈ, ਰਾਖੋ ਸਰਣ ਅਸਾੜੀ ਜੀਓ।"

ਇੰਜ ਕੀਰਤਨ ਕਰਦਿਆਂ ਆਪਣੇ ਹੱਥੀਂ ਫਾਂਸੀ ਦੇ ਰੇਸ਼ਮੀ ਰੱਸੇ ਆਪ ਆਪਣੇ ਗਲੇ 'ਚ ਪਾ ਇਨ੍ਹਾਂ ਚਾਰ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਅਮਰ ਹੋ ਗਏ।

ਅੰਮ੍ਰਿਤਸਰ ਸਾਕੇ ਦੇ ਸ਼ਹੀਦ

ਅੰਮ੍ਰਿਤਸਰ ਸਾਕੇ ਦੇ ਸ਼ਹੀਦ ਕੀਤੇ ਗਏ

ਸਿੱਖ ਅਤੇ ਵੇਰਵੇ

ਅੰਮ੍ਰਿਤਸਰ ਸਾਕੇ ਦੇ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ ਚਾਰ ਸਿੱਖ

ਇਹ ਸਾਕਾ 14-15 ਜੂਨ 1871 ਨੂੰ ਹੋਇਆ

15 ਸਤੰਬਰ 1871 ਨੂੰ ਅੰਮ੍ਰਿਤਸਰ ਵਿਖੇ 4 ਸਿੱਖ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ

1. ਲਹਿਣਾ ਸਿੰਘ, ਗੋਤ ਭੱਟੀ, (ਰਾਮਗੜ੍ਹੀਆਂ ਸਿੱਖ) ਸਪੁੱਤਰ ਸ. ਮੁਸੱਦਾ ਸਿੰਘ, ਪਿੰਡ ਪੰਨਵ (ਹੁਣ ਪਾਕਿਸਤਾਨ ਵਿਚ) ਇਹ ਰਹਿੰਦੇ ਅੰਮ੍ਰਿਤਸਰ ਵਿਚ ਹੀ ਸਨ।
2. ਹਾਕਮ ਸਿੰਘ ਪਟਵਾਰੀ, ਗੋਤ ਕਾਨਸ਼ (ਮਾਰਕੰਡੇ ਬ੍ਰਾਹਮਣ), ਪਿੰਡ ਮੋੜ੍ਹੇ ਕਲਾਂ,ਬਲਾਕ ਚੋਗਾਵਾਂ/ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ।
3. ਫਤਿਹ ਸਿੰਘ ਦੁਕਾਨਦਾਰ (ਭਾਟੜਾ), ਅੰਮ੍ਰਿਤਸਰ।
4. ਬੀਹਲਾ ਸਿੰਘ, ਗੋਤ ਸੰਧੂ, (ਜ਼ਿਮੀਂਦਾਰ) ਪਿੰਡ ਨਾਰਲੀ,ਬਲਾਕ ਭਿਖੀਵਿੰਡ,ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ।

ਪੰਜਵੇ ਸਿੱਖ ਝੰਡਾ ਸਿੰਘ ਨੂੰ ਜੋ ਕਿ ਭਗੌੜਾ ਕਰਾਰ ਦਿੱਤਾ ਗਿਆ ਸੀ, ਫੜ ਕੇ 12 ਅਗਸਤ 1873 ਵਿਚ ਫਾਂਸੀ ਦੇ ਦਿੱਤੀ ਗਈ।

5. ਝੰਡਾ ਸਿੰਘ, ਗੋਤ ਔਲਖ, (ਜ਼ਿਮੀਂਦਾਰ) ਪਿੰਡ ਰਾਵਲ ਠੱਠਾ, ਬਲਾਕ ਚੁਗਾਵਾਂ ,ਤਹਿਸੀਲ ਅਜਨਾਲਾ,ਜ਼ਿਲ੍ਹਾ ਅੰਮ੍ਰਿਤਸਰ।

ਅੰਮ੍ਰਿਤਸਰ ਸਾਕੇ ਦੇ ਕਾਲੇ ਪਾਣੀ ਕੈਦ ਕੀਤੇ ਗਏ ਦੋ ਸਿੱਖ

(ਧਾਰਾ 107 ਦੇ ਅਧੀਨ ਇਨ੍ਹਾਂ ਤੇ ਕੇਸ ਚਲਾਇਆ ਗਿਆ ਅਤੇ ਕਾਲੇ ਪਾਣੀ ਦੀ ਸਜ਼ਾ ਸੁਣਾ ਕੇ ਕਾਲੇ ਪਾਣੀ ਭੇਜ ਦਿੱਤਾ ਗਿਆ ਜਿੱਥੋਂ ਉਹ ਫੇਰ ਵਾਪਿਸ ਨਹੀਂ ਆਏ, ਉੱਥੇ ਹੀ ਸ਼ਹੀਦ ਹੋ ਗਏ)

6. ਲਹਿਣਾ ਸਿੰਘ ਸਪੁੱਤਰ ਬੁਲਾਕਾ ਸਿੰਘ, ਅੰਮ੍ਰਿਤਸਰ।
7. ਸਿਪਾਹੀ ਲਾਲ ਸਿੰਘ, ਅੰਮ੍ਰਿਤਸਰ।

ਭਗੌੜੇ ਕਰਾਰ ਦਿੱਤੇ ਗਏ ਸਿੱਖ

8 **ਮੇਹਰ ਸਿੰਘ ਲੋਪੋਕੇ ,**

9 **ਲਛਮਣ ਸਿੰਘ ਗੁਰਦਾਸਪੁਰੀ**

10 **ਭਗਵਾਨ ਸਿੰਘ ਅੜਬੰਗੀ।**

ਸ਼ਹੀਦਾਂ ਦੇ ਸਸਕਾਰ ਬਾਰੇ

ਪੁਰਾਣੀਆਂ ਕੁੱਝ ਲਿਖਤਾਂ ਅਨੁਸਾਰ ਸ਼ਹੀਦ ਹਾਕਮ ਸਿੰਘ ਪਟਵਾਰੀ ਦੀ ਮਾਤਾ (ਜੁਆਲਾ ਦੇਵੀ) ਆਪਣੇ ਘਰ ਦੇ ਕਮਰੇ ਦੀ ਛੱਤ ਉਧੇੜ ਕੇ ਲੱਕੜੀ ਦੇ ਸ਼ਤੀਰ ਬਾਲੇ ਉਤਾਰ ਕੇ,ਗੱਡਾ ਭਰ ਕੇ ਫਾਂਸੀ ਵਾਲੇ ਅਸਥਾਨ 'ਤੇ ਲਿਆਈ ਸੀ ਅਤੇ ਉਨ੍ਹਾਂ ਲੱਕੜੀਆਂ ਨਾਲ ਚਾਰਾਂ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

ਇੱਕ ਸਮਕਾਲੀ ਲੇਖਕ ਦੁਆਰਾ ਸੰਨ,1883 ਵਿੱਚ ਇੱਕ ਪੁਸਤਕ -''ਗੁਰੂ ਸਿੰਘ ਇਤਿਹਾਸ'' ਲਾਹੌਰ ਤੋਂ ਛਾਪੀ ਗਈ। ਇਸ ਪੁਸਤਕ ਦੇ ਲੇਖਕ ,ਗੁਰਦਾਸਪੁਰ ਦੀ ਸਰਕਾਰੀ ਪਾਠਸ਼ਾਲਾ ਦੇ ਮੁੱਖ ਸੰਸਕ੍ਰਿਤ ਅਧਿਆਪਕ ਪੰ.ਭਾਨੂੰ ਦੱਤ ਹਨ।ਇਸ ਗ੍ਰੰਥ ਦੇ ਇੱਕ ਅਧਿਆਏ 'ਗੁਰੂ ਬਾਬੇ ਰਾਮ ਸਿੰਘ ਆਦਿਕ ਨਾਮਧਾਰੀਆਂ ਸਿੰਘਾਂ ਦੀ ਸੰਖੇਪ ਕਥਾ' (ਪੰਨਾ ਨੰ:316) ਵਿੱਚ ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਦਾ ਵਰਨਣ ਕਰਦਿਆਂ ਲਿਖਿਆ ਹੋਇਆ ਹੈ।

''ਇੱਕ ਹੋਰ ਅਚੰਭੇ ਦੀ ਗੱਲ ਹੈ ਕਿ ਬੀਹਲਾ ਸਿੰਘ ਦੀ ਮਾਂ ਘਰੋਂ ਹੀ ਲੱਕੜੀਆਂ ਦਾ ਗੱਡਾ ਮਸਾਨ ਵਿਚ ਲੈ ਆਈ ਅਤੇ ਸ਼ਬਦ -ਬਣੀ ਪੜ੍ਹਦੀ ਰਹੀ ਜਾਂ ਕਿਸੇ ਪੁੱਛਿਯਾ ਮਾਈ ਕੀ ਕਰਦੀ ਹੈ? ਬੋਲੀ ਅੱਜ ਮੇਰੇ ਪੁੱਤ ਨੇ ਧਰਮ ਲਈ ਸਿਰ ਦੇਣਾ ਹੈ, ਮੈਂ ਉਸ ਦੇ ਫੂਕਨ ਲਈ ਲੱਕੜੀਆਂ ਲਿਆਈ ਹਾਂ।''

ਫੱਗਣ ਵਦੀ 28,ਸੰਮਤ 1939 ,ਸੰਮਤ ਨਾਨਕਸ਼ਾਹੀ -413 ,ਸੰਨ 1883 ਈ:

ਸ਼ਹੀਦਾਂ ਦੇ ਸਸਕਾਰ ਬਾਰੇ ਸਮਕਾਲੀ ਲੇਖਕਾਂ ਨੇ ਸੁਣਾ -ਸੁਣਾ ਕੇ,ਪੁੱਛ-ਗਿੱਛ ਦੇ ਆਧਾਰ 'ਤੇ ਲਿਖਿਆ ਹੋ ਸਕਦਾ ਹੈ ਕਿ ਇਹ ਦੋਵੇਂ ਮਾਤਵਾਂ ,ਲੱਕੜਾਂ ਲੈ ਕੇ ਆਈਆਂ ਹੋਣ ਤੇ ਚਾਰਾਂ ਸ਼ਹੀਦਾਂ ਦਾ ਇੱਕਠਾ ਸਸਕਾਰ ਕਰ ਦਿੱਤਾ ਗਿਆ ਹੋਵੇ।

ਸ਼ਹੀਦ ਲਹਿਣਾ ਸਿੰਘ ਪੰਨਵ
(ਅੰਮ੍ਰਿਤਸਰ ਸਾਕੇ ਦੇ ਸ਼ਹੀਦ)

ਸ਼ਹੀਦ ਲਹਿਣਾ ਸਿੰਘ ਭੱਟੀ (ਰਾਮਗੜ੍ਹੀਏ ਸਿੱਖ) ਪਿੰਡ ਪੰਨਵ, ਸਪੁੱਤਰ ਸ. ਮੁਸੱਦਾ ਸਿੰਘ ਅਤੇ ਮਾਤਾ ਸਦਾ ਕੌਰ ਆਪਣੇ ਪਿੰਡ ਪੰਨਵ (ਉਦੋਂ ਇਹ ਪਿੰਡ ਤਹਿਸੀਲ ਸ਼ਕਰਗੜ੍ਹ, ਜ਼ਿਲ੍ਹਾ ਗੁਰਦਾਸਪੁਰ ਵਿਚ ਸੀ ਅਤੇ ਹੁਣ ਇਹ ਪਾਕਿਸਤਾਨ ਵਿਚ ਚਲਿਆ ਗਿਆ ਹੈ) ਤੋਂ ਕੰਮ-ਕਾਰ ਕਰਨ ਲਈ ਆਪਣੇ ਨਾਨਕੇ ਅੰਮ੍ਰਿਤਸਰ ਆ ਕੇ ਵਸ ਗਏ ਸਨ। ਆਪ ਵਿਆਹੇ ਹੋਏ ਸਨ। ਆਪ ਦੇ ਦੋ ਭਰਾ ਗੁੱਜਰ ਸਿੰਘ ਤੇ ਗੰਡਾ ਸਿੰਘ ਸਨ। ਆਪ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿਰੜੀ ਸਿਦਕੀ ਸਿੱਖ ਸਨ ਅਤੇ ਅੰਮ੍ਰਿਤਸਰ ਦੇ ਪ੍ਰਮੁੱਖ ਨਾਮਧਾਰੀ ਆਗੂਆਂ ਵਿਚੋਂ ਇਕ ਸਨ। ਆਪ ਕ੍ਰੀਬ 26-27 ਸਾਲ ਦੀ ਉਮਰ ਵਿਚ ਸ਼ਹੀਦ ਹੋਏ ਸਨ।

ਕਿਹਾ ਜਾਂਦਾ ਹੈ ਕਿ 10 ਜੂਨ 1871 ਨੂੰ ਬਾਬਾ ਲਹਿਣਾ ਸਿੰਘ ਨੂੰ ਸੁਫ਼ਨੇ ਵਿਚ ਪਹਿਲਾ ਸਤਿਗੁਰੂ ਅਰਜਨ ਦੇਵ ਜੀ ਅਤੇ ਫਿਰ ਸਤਿਗੁਰੂ ਤੇਗ ਬਹਾਦੁਰ ਜੀ ਦੇ ਦਰਸ਼ਨ ਹੋਏ। ਆਪ ਨੇ ਦੋਹਾਂ ਨੂੰ ਨਮਸਕਾਰ ਕਰ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਵਿਥਿਆ ਸੁਣਾਈ। ਸਤਿਗੁਰਾਂ ਅੱਗੋਂ ਬਚਨ ਕੀਤਾ,

" ਸਿੰਘੋ ! ਤਕੜੇ ਹੋ ਕੇ ਗਊਆਂ ਨੂੰ ਬੁੱਚੜਾ ਤੋ ਛੁਡਵਾਓ, ਸਤਿਗੁਰੂ ਤੁਹਾਡੇ ਅੰਗ ਸੰਗ ਰਹਿਣਗੇ।"

14 ਜੂਨ 1871 ਨੂੰ ਅੰਮ੍ਰਿਤ ਵੇਲੇ ਸ਼ਹੀਦ ਲਹਿਣਾ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੇ ਯੋਜਨਾਬੱਧ ਤਰੀਕੇ ਨਾਲ, ਅੰਮ੍ਰਿਤਸਰ ਬੁੱਚੜਖਾਨੇ ਤੇ ਹਮਲਾ ਕਰ ਕੇ ਗਊਆਂ ਛੁਡਵਾਈਆਂ ਅਤੇ ਆਪ ਫਰਾਰ ਹੋ ਗਏ। ਕਸੂਰਵਾਰ ਨਾ ਫੜੇ ਜਾ ਸਕਣ ਕਾਰਨ ਸਰਕਾਰ ਨੇ ਇਸ ਕੇਸ ਵਿਚ 12 ਬੇਕਸੂਰਾਂ ਨੂੰ ਫੜ ਕੇ ਝੂਠੇ ਕੇਸ ਬਣਾ ਦਿੱਤੇ ਤਾਂ ਜੋ ਉਹਨਾਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਣ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪਤਾ ਲੱਗਣ 'ਤੇ ਹਜ਼ੂਰ ਨੇ, ਨਿਰਦੋਸ਼ ਵਿਅਕਤੀਆਂ ਦੇ ਫੜੇ ਜਾਣ ਉੱਤੇ ਅਫ਼ਸੋਸ ਪ੍ਰਗਟ ਕੀਤਾ। ਉਹਨਾਂ ਨੇ ਅਸਲੀ ਕਸੂਰਵਾਰਾਂ ਨੂੰ ਆਪਣੇ ਜ਼ੁਰਮ ਦਾ ਇਕਬਾਲ ਕਰਨ ਦੀ ਦਲੇਰੀ ਵਿਖਾਉਣ ਦੀ ਇੱਛਾ ਵਿਅਕਤ ਕੀਤੀ।

ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਇਹ ਸਿੱਖ ਅਦਾਲਤ ਵਿਚ ਪੇਸ਼ ਹੋ ਗਏ ਅਤੇ ਉਪਰੋਕਤ ਘਟਨਾ ਦਾ ਇਕਬਾਲ ਕਰ ਬੇਕਸੂਰ ਵਿਅਕਤੀਆਂ ਨੂੰ ਛੁਡਵਾਇਆ ਅਤੇ ਆਪ ਸ਼ਹੀਦ ਹੋ ਗਏ।

ਸ਼ਹੀਦ ਲਹਿਣਾ ਸਿੰਘ ਦੇ ਘਰ ਇਕੋ ਧੀ ਸੀ। ਸ਼ਹੀਦ ਲਹਿਣਾ ਸਿੰਘ ਦੇ ਭਰਾ ,ਸ. ਗੁੱਜਰ ਸਿੰਘ ਦਾ ਖਾਨਦਾਨ ਚਲ ਰਿਹਾ ਹੈ। ਇਨ੍ਹਾਂ ਦੇ ਜ਼ਿਆਦਾਤਰ ਪਰਿਵਾਰ ਦਿੱਲੀ ਰਹਿੰਦੇ ਹਨ। ਇਨ੍ਹਾਂ ਵਿਚੋਂ ਸ. ਦਲੀਪ ਸਿੰਘ ਪੰਨਵ ਦਿੱਲੀ,ਨੇ ਕ੍ਰੀਬ 1985-86 ਤੋਂ ਹਰ ਸਾਲ ਅੰਮ੍ਰਿਤਸਰ ਸਾਕੇ ਦੇ ਸ਼ਹੀਦਾਂ ਨਮਿਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸਮਾਗਮ ਕਰਵਾਉਣਾ ਸ਼ੁਰੂ ਕੀਤਾ ਸੀ। ਉਦੋਂ ਤੋਂ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇਹ ਸ਼ਹੀਦ ਯਾਦਗਾਰੀ ਮੇਲਾ, ਅੰਮ੍ਰਿਤਸਰ ਜਾਂ ਸ੍ਰੀ ਭੈਣੀ ਸਾਹਿਬ ਵਿਖੇ ,ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ 'ਚ, ਪਰਿਵਾਰ ਵੱਲੋਂ ਜਾਂ ਨਾਮਧਾਰੀ ਸੰਗਤ ਅੰਮ੍ਰਿਤਸਰ ਵੱਲੋਂ ਹਰ ਸਾਲ ਕੀਤਾ ਜਾ ਰਿਹਾ ਹੈ।

ਸ਼ਹੀਦ ਲਹਿਣਾ ਸਿੰਘ ਭੱਟੀ,ਪਿੰਡ ਪੰਨਵ

(ਅੰਮ੍ਰਿਤਸਰ ਸਾਕੇ ਦੇ ਇਸ ਸ਼ਹੀਦ ਦੀ ਬੰਸਾਵਲੀ)

ਮੁੱਸਦਾ ਸਿੰਘ

ਗੁੱਜਰ ਸਿੰਘ

ਗੰਡਾ ਸਿੰਘ → ਬਿਹੰਗਮ

ਸ਼ਹੀਦ ਲਹਿਣਾ ਸਿੰਘ → ਇੱਕ ਧੀ

ਸ਼ਹੀਦ ਲਹਿਣਾ ਸਿੰਘ ਦੀ ਧੀ ਦਾ ਪਰਿਵਾਰ
ਪਤੀ ਸੋਹਣ ਸਿੰਘ ਪਿੰਡ ਮਰੜ ,ਜਿਲ੍ਹਾ ਗੁਰਦਾਸਪੁਰ

ਦੋ ਪੁੱਤਰ
ਇੱਕ ਕੁਆਰਾ ਚੜ੍ਹਾਈ ਕਰ ਗਿਆ।
ਦੂਜਾ ਕਿਧਰੇ ਚਲਾ ਗਿਆ।

ਇੱਕ ਧੀ
ਇਹ ,ਅੰਮ੍ਰਿਤਸਰ ਵਿਖੇ ਸੁਲਤਾਨ ਵਿੰਡ
ਵਿੱਚ ਨਾਮਧਾਰੀ ਗੁਰਦੁਆਰੇ ਦੇ ਪਾਠੀ
ਸਵ. ਵਰਿਆਮ ਸਿੰਘ ਦੀ ਨੂੰਹ ਸੀ।
ਹੁਣ ਪਰਿਵਾਰ ਦਾ ਪਤਾ ਨਹੀਂ।

ਇਹ ਜਾਣਕਾਰੀ ਮੈਨੂੰ ਸੰਤ ਬਲਦੇਵ ਸਿੰਘ ਨਾਮਧਾਰੀ, ਅੰਮ੍ਰਿਤਸਰ ਨੇ ਦਿੱਤੀ।

ਗੁੱਜਰ ਸਿੰਘ

ਸਾਧੂ ਸਿੰਘ | ਭਗਤ ਸਿੰਘ | ਭੋਲਾ ਸਿੰਘ | ਦੇਵਾ ਸਿੰਘ | ਮੇਵਾ ਸਿੰਘ

ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਪੰਜਾਂ ਪੁੱਤਰਾਂ ਦਾ ਪਰਿਵਾਰ ਇਸ ਪ੍ਰਕਾਰ ਹੈ-

ਸਾਧੂ ਸਿੰਘ

(ਸ਼ਹੀਦ ਲਹਿਣਾ ਸਿੰਘ ਦੇ ਭਰਾ ਸ. ਗੁੱਜਰ ਸਿੰਘ ਦਾ ਵੱਡਾ ਪੁੱਤਰ ਹੈ)

ਸੁਰੈਣ ਸਿੰਘ | ਮਹੈਣ ਸਿੰਘ | ਵਰਿਆਮ ਸਿੰਘ

ਸੁਰੈਣ ਸਿੰਘ

(ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦਾ ਵੱਡਾ ਪੁੱਤਰ ਹੈ -ਸੁਰੈਣ ਸਿੰਘ)

ਪਤਨੀ ਈਸ਼ਰ ਕੌਰ

ਇਨ੍ਹਾਂ ਦਾ ਪਰਿਵਾਰ ਹਿਸਾਰ ਰਹਿੰਦਾ ਹੈ।

ਸਵ. ਪ੍ਰਤਾਪ ਸਿੰਘ | ਸਵ. ਲਾਲ ਸਿੰਘ | ਮੱਖਣ ਸਿੰਘ | ਗੁਰਦੀਪ ਕੌਰ (ਗੁਰੋ) | ਭਜਨ ਕੌਰ (ਬਚਨੋ)

ਸਵ. ਪ੍ਰਤਾਪ ਸਿੰਘ

ਪਤਨੀ ਸਵ. ਸੁਰਜੀਤ ਕੌਰ

ਕੋਮਲ ਸਿੰਘ | ਗੁਰਮੀਤ ਸਿੰਘ (ਅਣਵਿਆਹਿਆ) | ਸਵ. ਸਤਨਾਮ ਸਿੰਘ (ਕੁਆਰਾ ਹੀ ਚੜ੍ਹਾਈ ਕਰ ਗਿਆ।) | ਨਿਰਮਲ ਕੌਰ (ਪਰਿਵਾਰ ਨਹੀਂ ਹੈ)

ਕੋਮਲ ਸਿੰਘ

(ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦੇ ਵੱਡੇ ਪੁੱਤਰ ਪ੍ਰਤਾਪ ਸਿੰਘ ਦਾ ਵੱਡਾ ਪੁੱਤਰ ਹੈ -ਕੋਮਲ ਸਿੰਘ)

4142,ਮਾਡਲ ਟਾਊਨ ,ਗੋਬਿੰਦ ਨਗਰ, ਹਿਸਾਰ।

87082-22596

ਪਤਨੀ ਮਨਜੀਤ ਕੌਰ

(ਸਪੁੱਤਰੀ ਸ. ਸੰਪੂਰਨ ਸਿੰਘ, ਫਤਿਹਾਬਾਦ)

(ਭਗਵੰਤ ਸਿੰਘ ਸਪੁੱਤਰ ਲਾਲ ਸਿੰਘ ਦੀ ਨੂੰਹ ਗੁਰਦੀਪ ਕੌਰ ਇਸ ਦੀ ਭਾਣਜੀ ਹੈ।)

- ਅਨਮੋਲ ਸਿੰਘ
- ਰੁਪਿੰਦਰ ਕੌਰ, ਪਤੀ ਦੀਵਾਨ ਸਿੰਘ (ਸੋਨੂੰ), ਸ਼ਾਹਪੁਰਾ ,ਦਿੱਲੀ
  - ਅਨੂਪ ਸਿੰਘ
- ਮਨਦੀਪ ਕੌਰ, ਪਤੀ ਇਕਬਾਲ ਸਿੰਘ, ਚੰਦਰ ਵਿਹਾਰ,ਦਿੱਲੀ
  - ਗੁਣਮੀਤ ਕੌਰ
- ਨਵਨੀਤ ਕੌਰ

ਸਵ. ਲਾਲ ਸਿੰਘ

(ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਪੁੱਤਰ ਸਾਧੂ ਸਿੰਘ ਦੇ ਪੁੱਤਰ ਸੁਰੈਣ ਸਿੰਘ ਦਾ ਦੂਜਾ ਪੁੱਤਰ)
ਪਤਨੀ ਸਵ. ਹਰਬੰਸ ਕੌਰ

ਭਗਵੰਤ ਸਿੰਘ

ਜਸਵੰਤ ਸਿੰਘ

ਲਖਵਿੰਦਰ ਸਿੰਘ

1. ਜਸਵੰਤ ਕੌਰ
2. ਪਰਮਜੀਤ ਕੌਰ
3. ਚਰਨਜੀਤ ਕੌਰ
4. ਭੁਪਿੰਦਰ ਕੌਰ
5. ਦਲਜੀਤ ਕੌਰ

ਭਗਵੰਤ ਸਿੰਘ

92553-96309
ਇਹ 1106,ਅਰਬਨ ਅਸਟੇਟ, ਹਿਸਾਰ ਰਹਿੰਦੇ ਹਨ।
ਨਿਰੰਕਾਰੀ ਭਵਨ ਰੋਡ ਤੇ ਇਨ੍ਹਾਂ ਦੀ ਵਰਕਸ਼ਾਪ ਜੀ.ਐਸ. ਇੰਜ. ਵਰਕਸ ਹੈ।

ਪਤਨੀ ਚਰਨਜੀਤ ਕੌਰ

89507-96751
(ਸਪੁੱਤਰੀ ਜਸਵੰਤ ਸਿੰਘ ਤੇ ਸਵਰਨ ਕੌਰ, ਰਾਣੀਆਂ, ਜ਼ਿਲ੍ਹਾ ਸਰਸਾ)

ਗੁਰਸੇਵਕ ਸਿੰਘ
ਪਤਨੀ ਗੁਰਦੀਪ ਕੌਰ
(ਸਪੁੱਤਰੀ ਜੋਗਿੰਦਰ ਸਿੰਘ ਫਤਿਹਬਾਦ)

ਸੁਰਿੰਦਰ ਕੌਰ
ਪਤੀ ਬਲਵਿੰਦਰ ਸਿੰਘ, ਹਿਸਾਰ
(ਸਪੁੱਤਰ ਰਛਪਾਲ ਸਿੰਘ)

ਗੁਰਮੀਤ ਸਿੰਘ

ਗੁਰਪ੍ਰੀਤ ਸਿੰਘ

ਤਰੁਣਦੀਪ ਸਿੰਘ

ਅਕਾਸ਼ਦੀਪ ਸਿੰਘ

ਕੋਮਲਪ੍ਰੀਤ ਕੌਰ

ਜਸਵੰਤ ਸਿੰਘ

ਇਹ ਗਲੀ ਨੰ:5 ਸੂਰਜ ਨਗਰ ,ਹਿਸਾਰ ਰਹਿੰਦੇ ਹਨ।

ਪਤਨੀ ਮਨਜੀਤ ਕੌਰ

(ਸਪੁੱਤਰੀ ਪ੍ਰੀਤਮ ਸਿੰਘ ਧਰਮਪੁਰਾ)

ਗੁਰਵਿੰਦਰ ਸਿੰਘ
ਕਾਰ ਮਕੈਨਿਕ

ਸਰਬਜੀਤ ਕੌਰ

ਗੁਰਪ੍ਰੀਤ ਕੌਰ

ਲਖਵਿੰਦਰ ਸਿੰਘ

ਇਹ ਵੀ ਗਲੀ ਨੰ:5 ਸੂਰਜ ਨਗਰ, ਹਿਸਾਰ ਰਹਿੰਦੇ ਹਨ।

ਪਤਨੀ ਗੁਰਮੀਤ ਕੌਰ

(ਸਪੁੱਤਰੀ ਅਜੀਤ ਸਿੰਘ ਸਰਸਾ)

ਕੰਵਲਜੀਤ ਸਿੰਘ
ਕਾਰ ਮਕੈਨਿਕ

ਸੁਖਸਾਗਰ ਸਿੰਘ
ਕਾਰ ਮਕੈਨਿਕ

ਸਿਮਰਨ ਕੌਰ

ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਪੁੱਤਰ ਸਾਧੂ ਸਿੰਘ ਦੇ ਪੁੱਤਰ ਸੁਰੈਣ ਸਿੰਘ ਦੇ ਪੁੱਤਰ

ਸ. ਲਾਲ ਸਿੰਘ ਦੀਆਂ ਪੰਜ ਧੀਆਂ

1. ਜਸਵੰਤ ਕੌਰ

(ਸ. ਲਾਲ ਸਿੰਘ)

95184-03518

ਪਤੀ ਸਵ. ਬਲਵਿੰਦਰ ਸਿੰਘ

ਅਜ਼ਾਦ ਨਗਰ ਗਲੀ ਨੰ:2,ਯਮੁਨਾਨਗਰ

ਇਨ੍ਹਾਂ ਦੀ ਵਰਕਸ਼ਾਪ "ਨਾਮਧਾਰੀ ਵੁੱਡਵਰਕਸ" ਸਟੇਡੀਅਮ ਕੋਲ, ਯੁਮਨਾ ਨਗਰ ਵਿਖੇ ਹੈ।

ਮਨਿੰਦਰ ਸਿੰਘ (99962-93932)
ਪਤਨੀ ਜਸਪ੍ਰੀਤ ਕੌਰ
(ਸਪੁੱਤਰੀ ਸੁਰਜੀਤ ਸਿੰਘ ਸੱਗੂ,ਹਰਿਆਣਾ)

ਗੁਰਕੀਰਤ ਸਿੰਘ

ਮਨਜੀਤ ਕੌਰ

ਕੰਵਲਜੀਤ ਕੌਰ (ਰਿੰਪੀ)
ਪਤੀ ਵਿਪੁਲ ਗੁਪਤਾ
ਕਾਲਕਾਜੀ, ਦਿੱਲੀ।

ਪਿਯੂਸ਼

ਸਾਵੀ

2. ਪਰਮਜੀਤ ਕੌਰ

ਪਤੀ ਰਾਮ ਸਿੰਘ ਸਲੈਚ, ਹਿਸਾਰ

ਇਹ ਹਰਿਆਣਾ ਰੋਡਵੇਜ਼ ਤੋਂ ਹੈਡ ਮਕੈਨਿਕ ਰਿਟਾਇਰ ਹੋਏ ਹਨ।
99918-87616
ਹਾਊਸ ਨੰ:944,ਗਾਂਧੀ ਨਗਰ ,ਪਟੇਲ ਨਗਰ ਕੈਂਪ, ਹਿਸਾਰ।

ਸੁਖਦੇਵ ਸਿੰਘ
ਪਤਨੀ ਗੁਰਪ੍ਰੀਤ ਕੌਰ
ਸਿਮਰਨ ਕੌਰ
(ਸੁਖਦੇਵ ਸਿੰਘ ਤੀਸ ਹਜਾਰੀ ਕੋਰਟ ਦਿੱਲੀ ਵਿਚ ਸਰਕਾਰੀ ਵਕੀਲ ਹਨ।)
ਹਾਊਸ ਨੰ:424 ਬੀ,
ਚੰਦਰ ਵਿਹਾਰ ,ਦਿੱਲੀ।
98683-56121

ਜਸਰਾਜ ਸਿੰਘ
ਪਤਨੀ ਸੰਦੀਪ ਕੌਰ
(ਜਸਰਾਜ ਸਿੰਘ, ਲਾਲਾ ਲਾਜਪਤ ਰਾਏ ਯੂਨੀ. ਹਿਸਾਰ ਵਿਖੇ ਲੈਬ ਅਸਿਸਟੈਂਟ ਹਨ।)

.ਅੰਮ੍ਰਿਤ ਕੌਰ
ਪਤੀ ਸੁਖਦੇਵ ਸਿੰਘ ਸੰਦਲ
ਖੰਨਾ
ਅਮਨ ਸਿੰਘ
ਸ਼ਿਵਾਲੀ ਕੌਰ

ਗੁਰਮੀਤ ਕੌਰ
ਪਤੀ ਗੁਰਨਾਮ ਸਿੰਘ ਭੁੱਲਰ
ਹਿਸਾਰ
ਹਰਗੁਣ ਸਿੰਘ
ਮੁਸਕਾਨ ਕੌਰ
ਗੁਰਪ੍ਰੀਤ ਕੌਰ
ਜਸਮੀਤ ਕੌਰ

3. ਚਰਨਜੀਤ ਕੌਰ, 94169-24186

ਪਤੀ ਸਵ. ਮੋਹਨ ਸਿੰਘ,(346, ਨਾਮਧਾਰੀ ਗਲੀ, ਸਰਸਾ)

,ਇਨ੍ਹਾਂ ਦੀ ਵਰਕਸਸ਼ਾਪ "ਐਮ.ਐਸ. ਸਟੀਲ", ਲੱਕੜ ਮੰਡੀ, ਸਰਸਾ ਵਿਖੇ ਹੈ।

ਉਪਕਾਰ ਸਿੰਘ
ਜਤਿੰਦਰ ਕੌਰ
(ਸਪੁੱਤਰੀ ਸੁਖਵਿੰਦਰ ਸਿੰਘ ਸਿੱਧੂ ਅੰਮ੍ਰਿਤਸਰ ਕਲਾਂ,ਜ਼ਿਲ੍ਹਾ ਸਰਸਾ)
ਉਦੈ ਸਿੰਘ
ਉੱਤਮ ਸਿੰਘ

ਕੰਵਲਜੀਤ ਸਿੰਘ
ਪਤਨੀ ਇੰਦਰਪਾਲ ਕੌਰ
(ਸਪੁੱਤਰੀ ਸੁਖਵਿੰਦਰ ਸਿੰਘ ਸ਼ਿੰਗਾਰੀ ਸੰਤ ਨਗਰ ,ਜਿਲ੍ਹਾ ਸਰਸਾ)
ਸੰਗੀਤ ਕੌਰ

ਬਲਜੀਤ ਕੌਰ
ਪਤੀ ਸੁਖਵਿੰਦਰ ਸਿੰਘ ਨਾਗੀ,
ਸਰਸਾ
ਸਹਿਜ ਸਿੰਘ
ਸਿਮਰਨ ਕੌਰ

ਹਰਨੂਰ ਕੌਰ ਪਤਨੀ
ਪਤੀ ਹਰਪ੍ਰੀਤ ਸਿੰਘ ਭੁੱਲਰ
ਪਾਤੜਾਂ,ਪਟਿਆਲਾ।

4. ਭੁਪਿੰਦਰ ਕੌਰ 94161-52267

ਪਤੀ ਸਵ੍ਹ ਤ੍ਰਿਲੋਕ ਸਿੰਘ,
ਪਿੰਡ ਰਾਣੀਆਂ ,(ਜਿਲ੍ਹਾ ਸਰਸਾ) ਨਵੇਂ ਬੱਸ ਅੱਡੇ ਕੋਲ ਰਹਿੰਦੇ ਹਨ।
(ਸਪੁੱਤਰ ਸੰਤ ਸੇਵਾ ਸਿੰਘ ,ਸ੍ਰੀ ਭੈਣੀ ਸਾਹਿਬ ਵਰਨੀਆਂ ਵਾਲੇ)

ਕਰਣ ਸਿੰਘ

ਰਣਬੀਰ ਸਿੰਘ

ਗੁਰਮੀਤ ਕੌਰ
ਪਤੀ ਹਰਦੇਵ ਸਿੰਘ
ਰਾਣੀਆਂ,
ਹੁਣ ਜਰਮਨੀ
- **ਉਦੈ ਸਿੰਘ**
- **ਨਰਿੰਦਰ ਕੌਰ**

ਦਲਜੀਤ ਕੌਰ
ਪਤੀ ਗੁਰਪ੍ਰੀਤ ਸਿੰਘ
ਐਲਨਾਬਾਦ
ਜਿਲ੍ਹਾ ਸਰਸਾ
- **ਜੈਦੀਪ ਸਿੰਘ**

5. ਦਲਜੀਤ ਕੌਰ

99967-19993
ਪਤੀ ਜੋਗਿੰਦਰ ਸਿੰਘ,ਵਸੀਰ (93154-67974)
ਮਮੇਰਾ ਰੋਡ,ਐਲਨਾਬਾਦ
ਨਿਊ ਪ੍ਰਤਾਪ ਐਗਰੀਕਲਚਰ ਵਰਕਸ,ਹਨੂੰਮਾਨਗੜ੍ਹ ਰੋਡ,ਐਲਨਾਬਾਦ (ਸਰਸਾ)

ਸੁਖਵਿੰਦਰ ਸਿੰਘ
ਪਤਨੀ ਅਮਨਦੀਪ ਕੌਰ
(ਸਪੁੱਤਰੀ ਬਿੱਟੂ ਮਾਨ,ਲੁਧਿਆਣਾ।)
- **ਗੁਰਮੀਤ ਕੌਰ**

ਗੁਰਮੀਤ ਸਿੰਘ

ਪਰਮਜੀਤ ਕੌਰ
ਪਤੀ ਹਰਦੇਵ ਸਿੰਘ
ਸੰਤ ਨਗਰ,ਜ਼ਿਲ੍ਹਾ ਸਰਸਾ
- **ਜੁਝਾਰ ਸਿੰਘ**
- **ਹਰਲੀਨ ਕੌਰ**

ਕੰਵਲਜੀਤ ਕੌਰ

ਮੱਖਣ ਸਿੰਘ

(ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦੇ ਵੱਡੇ ਪੁੱਤਰ ਸੁਰੈਣ ਸਿੰਘ ਦਾ ਤੀਜਾ ਪੁੱਤਰ ਹੈ-ਮੱਖਣ ਸਿੰਘ)

ਪਤਨੀ ਸਵ:ਜੋਗਿੰਦਰ ਕੌਰ

ਸਵ :ਬਖਸੀਸ ਸਿੰਘ
(ਕੁਆਰਾ ਚੜ੍ਹਾਈ ਕਰ ਗਿਆ।)

ਠੇਕੇਦਾਰ ਬੇਅੰਤ ਸਿੰਘ

ਠੇਕੇਦਾਰ ਗੁਰਮੁਖ ਸਿੰਘ

1 ਗੁਰਮੀਤ ਕੌਰ
2 ਰਵਿੰਦਰ ਕੌਰ
3 ਜਸਪਾਲ ਕੌਰ
4 ਗੁਰਵਿੰਦਰ ਕੌਰ

ਠੇਕੇਦਾਰ ਬੇਅੰਤ ਸਿੰਘ

279,ਸੈਕਟਰ 13 ਹਿਸਾਰ,
98960-13228,70154-39727
ਪਤਨੀ ਵਰਿੰਦਰ ਕੌਰ
(ਸਪੁੱਤਰੀ ਤਾਰਾ ਸਿੰਘ ਹੰਜਰਾ ,ਐਲਨਾਬਾਦ)

ਬਸੰਤ ਸਿੰਘ

ਕਮਲਜੀਤ ਕੌਰ
ਪਤੀ ਗੰਗਾ ਸਿੰਘ ਹਿਸਾਰ (ਸਪੁੱਤਰ ਗੁਰਦੇਵ ਸਿੰਘ)

ਠੇਕੇਦਾਰ ਗੁਰਮੁਖ ਸਿੰਘ

98962-67427
279 ਸੈਕਟਰ 13, ਹਿਸਾਰ
ਪਤਨੀ ਜਸਵਿੰਦਰ ਕੌਰ
(ਸਪੁੱਤਰੀ ਰਾਮ ਸਿੰਘ,ਵਿਸ਼ਨੂੰ ਗਾਰਡਨ ,ਦਿੱਲੀ)

ਗੁਰਦਿਆਲ ਸਿੰਘ

ਸਿਮਰਨ ਕੌਰ

(ਸ੍ਰ ਮੱਖਣ ਸਿੰਘ ਦੀਆਂ ਚਾਰ ਧੀਆਂ)

1 ਗੁਰਮੀਤ ਕੌਰ

96218-05813

ਪਤੀ ਸਵ:ਪਰਮਜੀਤ ਸਿੰਘ ਭੁੱਲਰ

(ਸਪੁੱਤਰ ਸਵ:ਜੱਥੇਦਾਰ ਹਜਾਰਾ ਸਿੰਘ,ਲਖਨਊ)

560 /4,ਕ੍ਰਿਸ਼ਨਾ ਨਗਰ ਕਾਨ੍ਹਪੁਰ ਰੋਡ,ਲਖਨਊ

ਇਥੇ ਇਨ੍ਹਾਂ ਦੀ ,'ਪ੍ਰਤਾਪ ਇਲੈਕਟ੍ਰੀਕਲ ਵਰਕਸ 'ਵਰਕਸ਼ਾਪ ਹੈ।
ਗੁਰਮੀਤ ਕੌਰ ਅਤੇ ਜਸਪਾਲ ਕੌਰ (ਸੁਪਤਨੀ ਕਰਮਜੀਤ ਸਿੰਘ ਭੁੱਲਰ) ਦੋਵੇ ਭੈਣਾਂ ਇੱਕੋ ਘਰ ਵਿਆਹੀਆਂ ਹੋਈਆਂ ਹਨ।

ਅੰਮ੍ਰਿਤਪਾਲ ਸਿੰਘ
ਪਤਨੀ ਰਾਜਵੀਰ ਕੌਰ
→ ਰਨਿੰਦਰ ਸਿੰਘ

ਸਿਮਰਨਪਾਲ ਸਿੰਘ
ਪਤਨੀ ਗਗਨਦੀਪ ਕੌਰ
→ ਸੁਰਨਦੀਪ ਕੌਰ

2. ਰਵਿੰਦਰ ਕੌਰ

98140-81745

,ਪਤੀ ਸੁਖਦੇਵ ਸਿੰਘ ਜੱਬਲ, 98784-59192,

ਮਕਾਨ ਨੰ:1/9,ਗਲੀ ਨੰ:4,ਨਿਊ ਸ਼ਿਵਪੁਰੀ,ਸੰਤੋਖ ਨਗਰ,ਲੁਧਿਆਣਾ
ਇਹ ਫਰਨੀਚਰ ਅਤੇ ਇੰਟੀਰੀਅਰ ਡੈਕੋਰੇਸ਼ਨ ਦਾ ਕੰਮ ਕਰਦੇ ਹਨ।

ਸ਼ਿਗਾਰਾ ਸਿੰਘ

ਗਗਨਦੀਪ ਕੌਰ
ਪਤੀ ਨਿਰਲੇਪ ਸਿੰਘ,ਨੋਇਡਾ
→ ਹਰਮਨ ਕੌਰ
→ ਗੁਰਲੀਨ ਕੌਰ

ਪਵਨਦੀਪ ਕੌਰ ਬਟਾਲਾ
ਪਤੀ ਅਰਵਿੰਦਰ ਸਿੰਘ

3. ਜਸਪਾਲ ਕੌਰ

ਪਤੀ ਸ. ਕਰਮਜੀਤ ਸਿੰਘ ਭੁੱਲਰ,ਲਖਨਊ,
(ਸਪੁੱਤਰ ਸਵ:ਜੱਥੇਦਾਰ ਹਜ਼ਾਰਾ ਸਿੰਘ ਲਖਨਊ)
70541-57356
ਇਹ 560/4,ਕਾਨ੍ਹਪੁਰ ਰੋਡ,ਕ੍ਰਿਸ਼ਨਾ ਨਗਰ,ਲਖਨਊ ਵਿਖੇ ਰਹਿੰਦੇ ਹਨ।
ਇਥੇ ਇਨ੍ਹਾਂ ਦੀ "ਪ੍ਰਤਾਪ ਇਲੈਕਟ੍ਰਿਕਲ ਵਰਕਸ" ਵਰਕਸ਼ਾਪ ਹੈ।

ਅਮਰਪਾਲ ਸਿੰਘ

ਬਲਜੀਤ ਕੌਰ
ਪਤੀ ਹਰਵਿੰਦਰ ਸਿੰਘ,ਕਾਨ੍ਹਪੁਰ
ਸਪੁੱਤਰ ਹਾਕਮ ਸਿੰਘ (ਪਿੱਛੋਂ ਕਾਂਸ਼ੀਪੁਰ ਦੇ)

4 ਗੁਰਜਿੰਦਰ ਕੌਰ
92152-16023
ਪਤੀ ਦਵਿੰਦਰ ਸਿੰਘ ਵਿਰਕ
ਪਲਾਟ ਨੰ:60 **A,IInd Floor**,ਨੰਦ ਵਿਹਾਰ, ਨੇੜੇ ਦਵਾਰਕਾ ਮੈਟਰੋ ਸਟੇਸ਼ਨ ,
ਦਿੱਲੀ ਵਿਖੇ ਇਨ੍ਹਾਂ ਦਾ ਪ੍ਰਾਪਰਟੀ ਡੀਲਰ ਦਾ ਕੰਮ ਹੈ।

ਈਸ਼ਰ ਸਿੰਘ
87501-42610
ਕਰੋਲ ਬਾਗ,ਰੋਹਤਕ ਰੋਡ,ਦਿੱਲੀ ਵਿਖੇ ਇਨ੍ਹਾਂ ਦੀ
ਪ੍ਰਿਟਿੰਗ ਦੀ ਦੁਕਾਨ ਹੈ।

ਦਰਬਾਰਾ ਸਿੰਘ
ਆਸਟਰੇਲੀਆ ਗਿਆ ਹੈ।

ਦਯਾ ਸਿੰਘ

ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦੇ ਵੱਡੇ ਪੁੱਤਰ
(ਸ. ਸਰੈਣ ਸਿੰਘ ਦੀਆਂ ਧੀਆਂ)

(ਸ. ਸਰੈਣ ਸਿੰਘ ਦੀਆਂ ਦੋਵੇਂ ਧੀਆਂ ਗੁਰਦੀਪ ਕੌਰ ਗੁਰੋ ਤੇ ਭਜਨ ਕੌਰ ਬਚਨੋ,ਯਮੁਨਾ ਨਗਰ ਵਿਖੇ ਇਕੋ ਘਰ ਦੋ ਭਰਾਵਾਂ ਨਾਲ ਵਿਆਹੀਆਂ ਹੋਈਆਂ ਹਨ।)

ਗੁਰਦੀਪ ਕੌਰ (ਗੁਰੋ)
9896134485
(ਪਤੀ ਸਵ. ਗੁਰਬਚਨ ਸਿੰਘ) ਇਹ ਪਰਿਵਾਰ 491 ਗਲੀ ਨੰ:6 ਵਿਸ਼ਵ ਕਰਮਾ ਮੁਹੱਲਾ ,ਯਮੁਨਾ ਨਗਰ ਵਿਖੇ ਰਹਿੰਦਾ ਹੈ।)

ਹਰਜਿੰਦਰ ਸਿੰਘ | ਸਵ. ਮੋਹਨ ਸਿੰਘ | ਭੁਪਿੰਦਰ ਸਿੰਘ | ਰਾਜਿੰਦਰ ਕੌਰ

ਹਰਜਿੰਦਰ ਸਿੰਘ
89301-11594
ਪਤਨੀ ਚਰਨਜੀਤ ਕੌਰ

ਮਨਦੀਪ ਸਿੰਘ
ਗੁਰੂ ਨਾਨਕ ਮੈਡੀਕਲ ਹਾਲ ਇਸ ਦੀ ਦੁਕਾਨ ਹੈ।

ਅਮਰਦੀਪ ਸਿੰਘ
ਕੈਨੇਡਾ

ਸਵ. ਮੋਹਨ ਸਿੰਘ
ਪਤਨੀ ਸੁਰਿੰਦਰ ਕੌਰ

ਮਨਿੰਦਰ ਸਿੰਘ
98964-19064

ਹਰਦੀਪ ਕੌਰ
ਪਤੀ ਗੁਰਮੇਲ ਸਿੰਘ ਜਲੰਧਰ

ਅਸੀਸ ਕੌਰ | ਨਿਵਾਸ ਕੌਰ

ਭੁਪਿੰਦਰ ਸਿੰਘ
9896129249
ਪਤਨੀ ਜਸਵਿੰਦਰ ਕੌਰ

ਧਨਦੀਪ ਸਿੰਘ

ਰਾਜਿੰਦਰ ਕੌਰ
ਪਤੀ ਸੁਰਿੰਦਰ ਸਿੰਘ ਸਰਹੰਦ

ਗੁਰਪ੍ਰੀਤ ਸਿੰਘ | ਜਸਪ੍ਰੀਤ ਕੌਰ

ਭਜਨ ਕੌਰ (ਬਚਨੋ)

ਪਤੀ ਸਵ. ਕਰਤਾਰ ਸਿੰਘ, ਵਿਸ਼ਵਕਰਮਾ ਮੁਹੱਲਾ,ਯਮੁਨਾ ਨਗਰ

ਹਰਵਿੰਦਰ ਸਿੰਘ | ਰਾਜਿੰਦਰ ਸਿੰਘ | ਬਲਵਿੰਦਰ ਸਿੰਘ (ਬਿੱਲਾ) (97292-52537) | ਅਮਰਜੀਤ ਸਿੰਘ(ਗਾਂਧੀ) (98968-80526) | ਮਨਪ੍ਰੀਤ ਕੌਰ (ਲਾਡੀ)

ਹਰਵਿੰਦਰ ਸਿੰਘ

ਪਤਨੀ ਮਨਜੀਤ ਕੌਰ

ਅਮਨਦੀਪ ਸਿੰਘ | ਅਜੀਤ ਸਿੰਘ

ਰਾਜਿੰਦਰ ਸਿੰਘ

ਪਤਨੀ ਹਰਪ੍ਰੀਤ ਕੌਰ

98966-61145

ਅੰਸ਼ਦੀਪ ਸਿੰਘ | ਨਵਨੀਤ ਸਿੰਘ

ਬਲਵਿੰਦਰ ਸਿੰਘ (ਬਿੱਲਾ)

97292-52537

ਪਤਨੀ ਹਰਪ੍ਰੀਤ ਕੌਰ

ਇਹ ਨਿਊਂ ਹਮੀਦਾ ਕਲੋਨੀ ,ਯਮੁਨਾ ਨਗਰ ਵਿਖੇ ਰਹਿੰਦੇ ਹਨ।

ਇਨ੍ਹਾਂ ਦੇ ਬਿਜਲੀ ਦੀ ਦੁਕਾਨ 'ਸੰਧੂ ਇਲੈਕਟ੍ਰੀਕਲਸ' ਵਿਸ਼ਵਕਰਮਾ ਮੁਹੱਲਾ,ਯਮੁਨਾ ਨਗਰ ਵਿਖੇ ਹੈ।

ਰੇਵਨਦੀਪ ਸਿੰਘ

ਅਮਰਜੀਤ ਸਿੰਘ (ਗਾਂਧੀ)

98968-80526 ਪਤਨੀ ਕੰਵਲਜੀਤ ਕੌਰ,

ਇਹ ਵਿਸ਼ਵਕਰਮਾ ਮੁਹੱਲਾ, ਯਮੁਨਾ ਨਗਰ ਵਿਖੇ ਰਹਿੰਦੇ ਹਨ।

ਇਨ੍ਹਾਂ ਦਾ ਏ.ਸੀ. ਦਾ ਕੰਮ 'ਗਾਂਧੀ ਰੈਫਰੀਜੇਸ਼ਨ '17 ਸੈਕਟਰ,ਹੁੱਡਾ ਰੋਡ,ਯਮੁਨਾ ਨਗਰ ਵਿਖੇ ਹੈ।

ਹਰਮਨ ਸਿੰਘ | ਕੁੰਵਰਦੀਪ ਸਿੰਘ

ਮਨਪ੍ਰੀਤ ਕੌਰ (ਲਾਡੀ)

ਪਤੀ ਸ. ਕਾਲਾ ਸਿੰਘ ਜਗਾਧਰੀ

ਅੰਗਦ ਸਿੰਘ | ਗੁਨਗੁਨ ਕੌਰ

ਮਹੈਣ ਸਿੰਘ

(ਸ਼ਹੀਦ ਲਹਿਣਾ ਦੇ ਭਰਾ ਸ. ਗੁੱਜਰ ਸਿੰਘ ਦੇ ਵੱਡੇ ਪੁੱਤਰ ਸ. ਸਾਧੂ ਸਿੰਘ ਦਾ ਦੂਜੇ ਨੰ: ਦਾ ਪੁੱਤਰ)

ਪਤਨੀ ਬਸੰਤ ਕੌਰ

ਪ੍ਰੀਤਮ ਸਿੰਘ   ਦਲੀਪ ਸਿੰਘ (ਠੇਕੇਦਾਰ)   ਮਹਿੰਦਰ ਸਿੰਘ   ਦਰਸ਼ਨ ਸਿੰਘ   ਸਵ. ਸੁਖਦੇਵ ਸਿੰਘ

1. ਪ੍ਰੀਤਮ ਕੌਰ ,ਨਾਸਿਕ
2. ਜੀਤ ਕੌਰ ,ਦਿੱਲੀ
3. ਮਹਿੰਦਰ ਕੌਰ, ਦਿੱਲੀ

ਪ੍ਰੀਤਮ ਸਿੰਘ

ਹਿਸਾਰ

ਪਤਨੀ ਸਵ. ਪ੍ਰਕਾਸ਼ ਕੌਰ

ਠੇਕੇਦਾਰ ਗੁਰਮੀਤ ਸਿੰਘ   ਸਵ:ਜਸਵੀਰ ਸਿੰਘ   ਹਰਜੀਤ ਕੌਰ   ਬਲਜਿੰਦਰ ਕੌਰ

ਠੇਕੇਦਾਰ ਗੁਰਮੀਤ ਸਿੰਘ

81688-76244

ਮਕਾਨ ਨੰ:10,ਸੈਕਟਰ 16 ,ਹਿਸਾਰ

ਪਤਨੀ ਹਰਪਾਲ ਕੌਰ (ਸਪੁੱਤਰੀ ਸੁਖਚੈਨ ਸਿੰਘ ਲੁਧਿਆਣਾ)

(81688-83095)

ਗਜਿੰਦਰ ਸਿੰਘ
ਪਤਨੀ ਕਿਰਨਦੀਪ ਕੌਰ

ਯੁਵਰਾਜ ਸਿੰਘ   ਮਨਰਾਜ ਕੌਰ

ਗੁਰਿੰਦਰ ਸਿੰਘ
ਪਤਨੀ ਜਸਮੀਤ ਕੌਰ

ਜਸਰਾਜ ਸਿੰਘ

ਸਵ:ਜਸਬੀਰ ਸਿੰਘ

ਪਤਨੀ ਦਵਿੰਦਰ ਕੌਰ,ਅਰਬਨ ਅਸਟੇਟ, ਹਿਸਾਰ

ਵਿਕ੍ਰਮਜੀਤ ਸਿੰਘ
ਪਤਨੀ ਮਨਜੀਤ ਕੌਰ

ਇੰਦਰਜੀਤ ਸਿੰਘ

ਜਸਰਾਜ ਸਿੰਘ

1. ਹਰਜੀਤ ਕੌਰ

ਪਤੀ ਕਰਮ ਸਿੰਘ
ਟੈਗੋਰ ਗਾਰਡਨ,ਦਿੱਲੀ

ਮਨਿੰਦਰ ਸਿੰਘ
ਪਤਨੀ ਹਰਨੀਤ ਕੌਰ

ਮਨਜਿੰਦਰ ਸਿੰਘ

ਪ੍ਰੇਮ ਸਿੰਘ

ਵਰਿੰਦਰ ਕੌਰ

2. ਬਲਜਿੰਦਰ ਕੌਰ

ਪਤੀ ਗੁਰਦੀਪ ਸਿੰਘ, ਕੈਥਲ (ਹਰਿਆਣਾ)

ਗੰਗਾ ਕੌਰ

ਠੇਕੇਦਾਰ ਦਲੀਪ ਸਿੰਘ

(ਇਹ ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦੇ ਪੁੱਤਰ ਮਹੈਣ ਸਿੰਘ ਦਾ ਦੂਜੇ ਨੰ:ਦਾ ਪੁੱਤਰ ਹੈ)

98122-75915

ਇਹ ਪਿੰਡ ਰਾਣੀਆਂ ,ਜ਼ਿਲ੍ਹਾ ਸਰਸਾ ਹਰਿਆਣਾ ਵਿਖੇ ਰਹਿੰਦੇ ਹਨ।

(ਇਨ੍ਹਾਂ ਨੇ 45 ਸਾਲ ਬਿਜਲੀ ਬੋਰਡ 'ਚ ਠੇਕੇਦਾਰੀ ਕੀਤੀ।)

ਸੁਰਿੰਦਰ ਸਿੰਘ | ਬਲਵਿੰਦਰ ਸਿੰਘ | ਰਾਜਿੰਦਰ ਸਿੰਘ | ਹਰਜਿੰਦਰ ਕੌਰ | ਸੁਰਜੀਤ ਕੌਰ | ਹਰਵਿੰਦਰ ਕੌਰ

ਸੁਰਿੰਦਰ ਸਿੰਘ

ਸੁਰਿੰਦਰ ਆਟੋ ਸਰਵਿਸ
ਵਾਰਡ ਨੰ:3,ਨਾਮਧਾਰੀ ਕਲੋਨੀ, ਰਾਣੀਆਂ
94163-51262

ਪਤਨੀ ਸਤਵਿੰਦਰ ਕੌਰ

(94663-51262)

(ਬੀਬੀ ਸਤਵਿੰਦਰ ਕੌਰ,ਠੇਕੇਦਾਰ ਸਵ. ਸਾਧੂ ਸਿੰਘ ਧੰਜਲ ਅਤੇ ਬੀਬੀ ਸੁਰਜੀਤ ਕੌਰ ਦੀ ਬੇਟੀ ਹਨ।ਸੰਤ ਸਾਧੂ ਸਿੰਘ ਠੇਕੇਦਾਰ ਦੀ ਭੂਆ ਦੇ ਪੁੱਤਰ ਸਨ - ਸੰਤ ਕਸ਼ਮੀਰ ਸਿੰਘ ਸ੍ਰੀ ਭੈਣੀ ਸਾਹਿਬ ਜੋ ਹਜ਼ੂਰੀ ਸੇਵਕਾਂ ਰਛਪਾਲ ਸਿੰਘ,ਹਰਪਾਲ ਸਿੰਘ ,ਸੁਖਦੇਵ ਸਿੰਘ ਦੇ ਪਿਤਾ ਜੀ ਸਨ)

ਵਿਸਾਖਾ ਸਿੰਘ
ਇੰਜੀਨੀਅਰਿੰਗ ਕੀਤੀ ਹੈ।
90506-05010

ਜਤਿੰਦਰ ਕੌਰ

ਗੁਰਿੰਦਰ ਕੌਰ

ਸੰਤ ਸਾਧੂ ਸਿੰਘ ਠੇਕੇਦਾਰ ਬਾਰੇ

ਬੀਬੀ ਸਤਵਿੰਦਰ ਕੌਰ ਦੇ ਪਿਤਾ ਜੀ-ਸ੍ਰੀ ਜੀਵਨ ਨਗਰ ਦੇ ਵਾਸੀ ਸੰਤ ਸਾਧੂ ਸਿੰਘ ਠੇਕੇਦਾਰ ਨੇ ਜੀਵਨ ਭਰ ਭਾਵੇਂ ਕਦੇ ਕੋਈ ਵਿਹਾਰ ਕੀਤਾ,ਕਦੇ ਕੋਈ ਪਰ ਕੀਰਤਨ ਦਾ ਸ਼ੌਕ ਇੱਕ-ਰਸ ਨਿਭਾਇਆ। ਠੇਕੇਦਾਰੀ ,ਟਰਾਂਸਪੋਰਟ ਦਾ,ਸ਼ੂਗਰ ਮਿੱਲ ਵਿਚ ਅਤੇ ਖੇਤੀ ਵੀ ਕੀਤੀ ,ਜਿੱਥੇ ਵੀ ਰਹੇ ਕਿੰਨੇ ਵੀ ਰੁਝੇਵੇਂ ਹੋਣ,ਪਰ ਰੋਜਾਨਾ ਜਦੋਂ ਵੀ ਵੇਹਲ ਮਿਲੇ,ਹਰਮੋਨੀਅਮ ਫੜ ਕੇ ਬੈਠ ਜਾਣਾ,ਕੀਰਤਨ ਦਾ ਅਨੰਦ ਮਾਨਣਾ।ਗੁਰਬਾਣੀ ਏਨੀ ਕੰਠ ਕਿ ਪ੍ਰਮਾਣ ਤੇ ਪ੍ਰਮਾਣ ਦਿੰਦੇ ਨਾ ਆਪ ਨੇ ਥੱਕਣਾ ਤੇ ਨਾ ਸ੍ਰੋਤਿਆਂ ਅੱਕਣਾ, ਘੰਟਿਆਂ -ਬੱਧੀ ਗਾਉਂਦੇ ਰਹਿਣਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪ 'ਤੇ ਬਹੁਤ ਕਿਰਪਾ ਸੀ।ਆਪ ਨੇ 17-18 ਸਾਲ ਇੱਕ ਵੀ ਨਾਗਾ ਨਹੀਂ ਪੈਣ ਦਿੱਤਾ,ਰੋਜ਼ਾਨਾ ਅੰਮ੍ਰਿਤ ਵੇਲੇ ਉੱਠਣਾ,ਇਸ਼ਨਾਨ ਕਰਨਾ ਅਤੇ ਜਿੱਥੇ ਵੀ ਸਤਿਗੁਰੂ ਜੀ ਦਾ ਹੁਕਮ ਹੋਣਾ, ਸਕੂਟਰ ਤੇ ਪੰਜ -ਸੱਤ ਮੀਲ ਦਾ ਸਫਰ ਕਰਕੇ ਉਥੇ ਹੀ ਜਾ ਕੇ ਆਸਾ ਦੀ ਵਾਰ ਦਾ ਕੀਰਤਨ ਕਰਨਾ।ਕਦੇ ਸ੍ਰੀ ਜੀਵਨ ਨਗਰ ,ਕਦੇ ਮਸਤਾਨਗੜ੍ਹ ਕਦੇ ਟਿੱਬੇ ਤੇ ਅਤੇ ਕਦੇ ਰਾਣੀਆਂ ਨਾਮਧਾਰੀ ਧਰਮਸ਼ਾਲਾ 'ਚ ਹੁਕਮ ਅਨੁਸਾਰ ਆਪ ਵਾਰ ਦਾ ਕੀਰਤਨ ਕਰਦੇ ਸਨ।

ਇੱਕ ਵੇਰ ਮਸਤਾਨਗੜ੍ਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪਣੇ ਪਿਆਰੇ ਸਿੱਖ ਸਾਧੂ ਸਿੰਘ ਨਾਲ ਬਚਨ-ਬਿਲਾਸ ਕਰਦਿਆਂ ਬਚਨ ਕੀਤਾ-ਸਾਧੂ ਸਿੰਘ ਤੂੰ ਜਿੱਥੇ ਵੀ ਵਾਰ ਲਾਏਂਗਾ ਮੈਂ ਉਥੇ ਹੀ ਸੁਨਣ ਆਇਆ ਕਰਾਂਗਾ,ਫੇਰ ਆਪ ਨੇ ਇਹ ਬਚਨ ਨਿਭਾਇਆ ਵੀ

ਬੇਸ਼ੱਕ ਮਨੁੱਖ ਨੂੰ ਕਰਮ ਭੁਗਤਨੇ ਪੈਂਦੇ ਹਨ।ਪਰ ਸਤਿਗੁਰੂ ਦੀ ਸਰਣ ਆਉਣ ਨਾਲ ਸੂਲੀ ਤੋਂ ਸੂਲ ਹੋ ਜਾਂਦੀ ਹੈ।ਸੰਨ 1983-84 'ਚ ਸੰਤ ਜੀ ਬਹੁਤ ਢਿੱਲੇ ਹੋ ਗਏ।ਹੁਕਮ ਅਨੁਸਾਰ ਆਪ ਨੂੰ ਦਿੱਲੀ ਲੈ ਜਾਇਆ ਗਿਆ।ਡਾਕਟਰਾਂ ਨੇ ਕਿਹਾ ਕੈਂਸਰ ਹੈ,ਬਚਣ ਦੀ ਉਮੀਦ ਨਹੀਂ,ਸੇਵਾ ਕਰ ਲਵੋ।ਸਤਿਗੁਰੂ ਜੀ ਨੇ ਡਾਕਟਰ ਮੁਸ਼ੱਰਫ਼ ਅਲੀ ਨੂੰ ਹੁਕਮ ਕੀਤਾ-'ਜੋ ਸਮਝ ਆਉਂਦੀ ਹੈ ਇਲਾਜ ਕਰੋ,ਆਪਰੇਸ਼ਨ ਦੀ ਲੋੜ ਹੈ ਤਾਂ ਕਰਵਾਓ -ਇਹ ਨੂੰ ਮਰਨ ਮੈਂ ਨਹੀਂ ਦਿੰਦਾ।'ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵਿੱਚ ਇਲਾਜ ਕਰਵਾਇਆ।ਫੇਰ ਸੰਨ 1986 'ਚ ਉਥੇ ਹੀ ਓਪਰੇਸ਼ਨ ਕਰਵਾਇਆ।ਸ੍ਰੀ ਸਤਿਗੁਰੂ ਜੀ ਨੇ ਰਮੇਸ਼ਨਗਰ ਧਰਮਸ਼ਾਲਾ ਵਿੱਚ ਨਾਮ ਸਿਮਰਨ ਸਮੇਂ ਸਾਰੀ ਸੰਗਤ ਨੂੰ ਹੁਕਮ ਕੀਤਾ ਕਿ ਸਾਰੇ ਇੱਕ -ਇੱਕ ਮਾਲਾ ਭਜਨ ਦੀ ,ਇੱਕ ਇੱਕ ਭਗੌਤੀਆਂ ਦੀ ਫੇਰ ਕੇ ਸੰਤ ਸਾਧੂ ਸਿੰਘ ਦੀ ਦੇਹ ਅਰੋਗਤਾ ਨਮਿਤ ਅਰਦਾਸ ਕਰਨ।ਜਿਸ ਨਾਮੁਰਾਦ ਕੈਂਸਰ ਦੀ ਬਿਮਾਰੀ ਦਾ ਕੋਈ ਇਲਾਜ ਨਹੀਂ ਅਤੇ ਡਾਕਟਰ ਵੀ ਕਹਿੰਦੇ ਸਨ ਕਿ ਕੋਈ ਆਸ ਨਹੀਂ ਬਚਣ ਦੀ,ਉਹ ਬਿਮਾਰੀ ਪੂਰੀ ਤਰ੍ਹਾਂ ਠੀਕ ਵੀ ਹੋਈ-ਉਸ ਤੋਂ ਬਾਅਦ ਕ੍ਰੀਬ ਅਠਾਈ ਵਰ੍ਹੇ ਜੀਵਨ ਬਿਤਾਇਆ ਪਰ ਫੇਰ ਕੈਂਸਰ ਦੀ ਕੋਈ ਦਵਾਈ ਵੀ ਨਹੀਂ ਖਾਣੀ ਪਈ।

ਆਪ ਦੇ ਚਾਰ ਸਪੁੱਤਰ ਅਤੇ ਦੋ ਸਪੁੱਤਰੀਆਂ ਹਨ -ਕ੍ਰਮਵਾਰ ਜਗਮੋਹਨ ਸਿੰਘ,ਹਰਵਿੰਦਰ ਸਿੰਘ, ਗੁਰਚਰਨ ਸਿੰਘ ਅਤੇ ਜੋਗਿੰਦਰ ਸਿੰਘ ਅਤੇ ਪੁੱਤਰੀਆਂ-ਬਲਵਿੰਦਰ ਕੌਰ,ਸਤਵਿੰਦਰ ਕੌਰ-ਆਪਣੇ ਇੱਕ ਵੱਡੇ ਬਾਗ ਪ੍ਰਵਾਰ-ਪੁੱਤਾਂ ,ਪੁੱਤ੍ਰੀਆਂ,ਪੋਤਰਿਆਂ,ਪੋਤਰੀਆਂ,ਦੋਹਤਿਆਂ ਵਿੱਚ ਹੱਸਦੇ ਖੇਡਦੇ ਜੀਵਨ ਬਿਤਾਇਆ।

ਫਿਰ ਜਨਵਰੀ 2012 ਦੇ ਦੂਸਰੇ ਹਫਤੇ ਬਰੇਨ ਦਾ ਅਟੈਕ ਹੋਇਆ।ਹਸਪਤਾਲ ਦਾਖਲ ਹੋਏ,ਹੋਸ਼ ਆ ਗਈ।ਯਾਦਦਾਸ਼ਤ ਵੀ ਠੀਕ ਸੀ,ਘਰ ਆ ਗਏ।24 ਜਨਵਰੀ ਨੂੰ ਕਹਿਣ ਲੱਗੇ ਕਿ ਸ੍ਰੀ ਭੈਣੀ ਸਾਹਿਬ ਸੇਵਕ ਰਛਪਾਲ ਸਿੰਘ ਨੂੰ ਫੋਨ ਕਰਕੇ ਕਹੋ ਕਿ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕਰੇ ਕਿ ਹੁਣ ਛੁੱਟੀਆਂ ਬਖਸ਼ੋ -ਅਰਜ਼ ਪ੍ਰਵਾਨ ਹੋਈ ਦੋ ਘੰਟਿਆਂ ਬਾਅਦ 24 ਜਨਵਰੀ 2012 ਨੂੰ ਆਪ ਆਪਣੀ ਜੀਵਨ ਯਾਤਰਾ ਸੰਪੂਰਨ ਕਰਕੇ ਸੱਚਖੰਡ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਸੰਤ ਸੁਰਿੰਦਰ ਸਿੰਘ ਅਤੇ ਬੀਬੀ ਸਤਵਿੰਦਰ ਕੌਰ ਦੀਆਂ ਧੀਆਂ

1. ਜਤਿੰਦਰ ਕੌਰ

99996-08616

ਪਤੀ ਰਾਮ ਜੀ ਮਲਹੋਤਰਾ

(ਸੂਬਾ ਰਿੱਖੀ ਸਿੰਘ ਸੁੰਦਰਨਗਰ ਦਾ ਪੋਤਾ)

G -1 /28, ਰਾਜੌਂਰੀ ਗਾਰਡਨ, ਦਿੱਲੀ

ਮੇਨ ਬਾਜ਼ਾਰ ਵਿਚ ਇਨ੍ਹਾਂ ਦਾ ਜਵੈਲਰੀ ਦਾ ਸ਼ੋ-ਰੂਮ ਹੈ।

↓ ↓

ਰਮਣੀਕ ਸਿੰਘ ਵੈਸ਼ਨਵੀ ਕੌਰ

2. ਗੁਰਿੰਦਰ ਕੌਰ

ਪਤੀ ਕਰਤਾਰਜੀਤ ਸਿੰਘ

ਇਹ ਆਇਰਲੈਂਡ ਰਹਿੰਦੇ ਹਨ।

ਇਹ ਗੈਜਟ ਫਿਕਸ ,ਲੈਪਟੋਪ,ਮੋਬਾਇਲਾਂ ਦਾ ਕੰਮ ਕਰਦੇ ਹਨ

Address;- 17 BeliCassy Court,Co. Clare Shenan,Ireland

(ਕਰਤਾਰਜੀਤ ਸਿੰਘ ਦੇ ਪਿਤਾ ਸ.ਕੁਲਵਿੰਦਰ ਸਿੰਘ ਸਹੋਤਾ ਆਇਰਲੈਂਡ ਅਤੇ ਮਾਤਾ ਹਰਮੀਤ ਕੌਰ ਹਨ।ਸ.ਕੁਲਵਿੰਦਰ ਸਿੰਘ ਦੇ ਮਾਤਾ ਬੀਬੀ ਤਰਸੇਮ ਕੌਰ (ਸਪੁੱਤਰੀ ਗਿਆਨੀ ਤੇਜਾ ਸਿੰਘ) ਹਨ।ਬੀਬੀ ਤਰਸੇਮ ਕੌਰ ਦੇ ਭਰਾ ਸੰਤ ਪਰਮਜੀਤ ਸਿੰਘ ਨਿਓਤੇ ਆਇਰਲੈਂਡ,(ਸਪੁੱਤਰ ਗਿਆਨੀ ਤੇਜਾ ਸਿੰਘ) ਹਨ,ਯਾਨੀ ਕਿ ਇਹ ਕੁਲਵਿੰਦਰ ਸਿੰਘ ਦੇ ਮਾਮਾ ਜੀ ਹਨ।)

↓

ਕੁਲਵੰਤ ਸਿੰਘ

ਬਲਵਿੰਦਰ ਸਿੰਘ

(ਠੇਕੇਦਾਰ ਦਲੀਪ ਸਿੰਘ ਦਾ ਦੂਜੇ ਨੰ: ਦਾ ਪੁੱਤਰ)
ਇਨ੍ਹਾਂ ਦੀ ਰਾਣੀਆ ਵਿਖੇ 'ਭੱਟੀ ਵਰਕਸ' ਵਰਕਸ਼ਾਪ ਹੈ।
98125-19545

ਪਤਨੀ ਬਲਜੀਤ ਕੌਰ

(ਸਪੁੱਤਰੀ ਜਗਜੀਤ ਸਿਘ,ਹਿਸਾਰ)

ਨਵਨੀਤ ਸਿੰਘ

ਗਗਨਦੀਪ ਕੌਰ
ਪਤੀ ਦਲਜੀਤ ਸਿੰਘ,
ਫਡ ਪਿੰਡ ਰਤੀਆ,ਜ਼ਿਲ੍ਹਾ ਸਰਸਾ ,ਹਰਿਆਣਾ।

ਕੀਰਤ ਕੌਰ

ਰਾਜਿੰਦਰ ਸਿੰਘ

(ਠੇਕੇਦਾਰ ਦਲੀਪ ਸਿੰਘ ਦਾ ਤੀਜੇ ਨੰ:ਦਾ ਪੁੱਤਰ)
ਇਨ੍ਹਾਂ ਦੀ ਰਾਣੀਆਂ ਵਿਖੇ ਸ੍ਟਰਾਂ,ਚੁਗਾਠਾਂ ਦੀ
'ਭੱਟੀ ਵਰਕਸ' ਵਰਕਸ਼ਾਪ ਹੈ।

ਪਤਨੀ ਰਾਜਿੰਦਰ ਕੌਰ

(ਸੰਤ ਗੁਰਨਾਮ ਸਿੰਘ ਐਲਨਾਬਾਦ ਦੀ ਧੀ ਅਤੇ ਪ੍ਰਧਾਨ ਸੰਤ ਗੁਰਮੁਖ ਸਿੰਘ ਰਹਿਬਰ ਦੀ ਭਤੀਜੀ)

ਰਤਨ ਸਿੰਘ

ਰਾਜਵੰਤ ਸਿੰਘ

ਰਤਨ ਕੌਰ

(ਠੇਕੇਦਾਰ ਦਲੀਪ ਸਿੰਘ ਦੀਆਂ ਤਿੰਨ ਧੀਆਂ)

1. ਹਰਜਿੰਦਰ ਕੌਰ

ਪਤੀ ਠੇਕੇਦਾਰ ਹਰਵਿੰਦਰ ਸਿੰਘ ਰੇਣੂੰ ਸਰਸਾ
(ਸਪੁੱਤਰ ਸ. ਦਰਸ਼ਨ ਸਿੰਘ)
99919-11005

(ਹਰਜਿੰਦਰ ਕੌਰ ਅਤੇ ਸੁਰਜੀਤ ਕੌਰ ਦੋਵੇਂ ਭੈਣਾਂ ਇੱਕੋ ਘਰ ਵਿਆਹੀਆਂ ਹਨ)

ਜਸਪਾਲ ਸਿੰਘ
ਪਤਨੀ ਸਿਮਰਜੀਤ ਕੌਰ

ਜਸਪ੍ਰੀਤ ਕੌਰ

ਯਸ਼ਪ੍ਰੀਤ ਕੌਰ (ਪੂਨਮ)
ਪਤੀ ਸਰਨਾਗਤ ਸਿੰਘ,ਐਲਨਾਬਾਦ
(ਪ੍ਰਧਾਨ ਸੰਤ ਗੁਰਮੁੱਖ ਸਿੰਘ ਰਹਿਬਰ ਦੇ ਭਰਾ
ਤੀਰਥ ਸਿੰਘ ਦਾ ਪੋਤਾ ਅਤੇ ਸੁਖਦੇਵ ਸਿੰਘ ਦਾ ਪੁੱਤਰ)

ਸੰਮਾ ਸਿੰਘ

2. ਸੁਰਜੀਤ ਕੌਰ

ਪਤੀ ਮਨਜਿੰਦਰ ਸਿੰਘ ਰੇਣੂੰ

(ਸਪੁੱਤਰ ਸ. ਦਰਸ਼ਨ ਸਿੰਘ ਸਰਸਾ)

98124-55909

ਜਸਮੀਤ ਸਿੰਘ
ਪੜ੍ਹਨ ਲਈ ਕਨੈਡਾ ਗਏ ਹਨ।

ਨਵਨੀਤ ਕੌਰ
ਪਤੀ ਕੋਮਲਜੀਤ ਸਿੰਘ,ਚੰਡੀਗੜ੍ਹ
(ਸੰਤ ਧਿਆਨ ਸਿੰਘ ਦਾ ਬੇਟਾ ਅਤੇ ਪ੍ਰਧਾਨ ਸੰਤ ਗੁਰਮੁਖ ਸਿੰਘ ਰਹਿਬਰ ਦਾ ਭਤੀਜਾ)

ਕਰਮਜੀਤ ਕੌਰ

3. ਹਰਵਿੰਦਰ ਕੌਰ

93551-09536

ਪਤੀ ਅਮਰਜੀਤ ਸਿੰਘ ਰੇਣੂੰ

(ਸਪੁੱਤਰ ਸ. ਰਛਪਾਲ ਸਿੰਘ)

ਬਠਿੰਡਾ ਰੋਡ,ਗਲੀ ਨੰ:3,ਡੱਬਵਾਲੀ

ਇਥੇ ਇਨ੍ਹਾਂ ਦੀ 'ਅਮਰਜੀਤ ਇੰਜੀਨੀਅਰਿੰਗ ਵਰਕਸ 'ਵਰਕਸ਼ਾਪ ਹੈ।

ਇਨ੍ਹਾਂ ਦਾ ਖਰਾਦਾਂ ਦਾ ਕੰਮ ਹੈ।

ਮਨਮੋਹਨ ਸਿੰਘ
93551-09536

ਸਿਮਰਨਜੀਤ ਸਿੰਘ
90683-27573

ਸਵ. ਮਹਿੰਦਰ ਸਿੰਘ

(ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦੇ ਦੂਜੇ ਪੁੱਤਰ ਮਹੈਣ ਸਿੰਘ ਦਾ ਤੀਜਾ ਪੁੱਤਰ)

ਪਤਨੀ ਸਵ. ਰਣਜੀਤ ਕੌਰ

ਮਨਮੋਹਨ ਸਿੰਘ

1. ਹਰਜੀਤ ਕੌਰ
2. ਚਰਨਜੀਤ ਕੌਰ
3. ਪਰਮਜੀਤ ਕੌਰ
4. ਹਰਵਿੰਦਰ ਕੌਰ
5. ਦਲਜੀਤ ਕੌਰ
6. ਕੁਲਜੀਤ ਕੌਰ
7. ਮਨਜੀਤ ਕੌਰ

ਮਨਮੋਹਨ ਸਿੰਘ

ਪਤਨੀ ਰਾਜਵੰਤ ਕੌਰ
98121-16020
ਇਹ 236,ਵਾਰਡ ਨੰ:14,ਸ੍ਰੀ ਜੀਵਨ ਨਗਰ ਰੋਡ,
ਪਿੰਡ ਰਾਣੀਆਂ ,ਜ਼ਿਲ੍ਹਾ ਸਰਸਾ,ਵਿਖੇ ਰਹਿੰਦੇ ਹਨ।
ਇਨ੍ਹਾਂ ਦਾ 'ਨਿਊ ਪਟਿਆਲਾ ਡੀਜ਼ਲ ਸਰਵਿਸ', ਪੰਪ ਟੈਸਟਿੰਗ ਦਾ ਕੰਮ ਸਰਸੇ ਵਿਖੇ ਹੈ।

ਸ਼ੈਰਿਲ ਸਿੰਘ ਗੁਰਕੀਰਤ ਕੌਰ

(ਸਵ:ਮਹਿੰਦਰ ਸਿੰਘ ਦੀਆਂ ਸੱਤ ਧੀਆਂ)

1. ਹਰਜੀਤ ਕੌਰ

78377-15919

ਪਤੀ ਗੁਰਦਿਆਲ ਸਿੰਘ ਮਠਾੜੂ ,ਛੇਹਰਟਾ (ਸਪੁੱਤਰ ਨਿਰਮਲ ਸਿੰਘ)
3013,ਗਲੀ ਨੰ:1,ਹਰਗੋਬਿੰਦਪੁਰਾ
ਵਡਾਲੀ ਰੋਡ,ਛੇਹਰਟਾ, ਅੰਮ੍ਰਿਤਸਰ
ਇਨ੍ਹਾਂ ਦੀ 'ਨਿਰਮਲ ਮਸ਼ੀਨ ਟੂਲਜ਼' ਵਰਕਸ਼ਾਪ ਹੈ।

ਸਰਬਜੀਤ ਸਿੰਘ 9888577411

ਪ੍ਰਭਜੋਤ ਸਿੰਘ

ਜਸਵੀਰ ਕੌਰ
ਪਤੀ ਜੋਗਿੰਦਰ ਸਿੰਘ
ਪਿੰਡ ਲੋਹਾਰਕੇ,
ਜਿਲ੍ਹਾ ਅੰਮ੍ਰਿਤਸਰ,

ਗੁਰਪ੍ਰੀਤ ਸਿੰਘ, ਹਰਪ੍ਰੀਤ ਕੌਰ

ਹਰਪ੍ਰੀਤ ਕੌਰ
ਪਤੀ ਯਤੀਸ ਮਿਸ਼ਰ੍ਹਾ, ਪੂਨਾ

ਵਿਸ਼ਿਸ਼ਟ

ਰਮਨਦੀਪ ਕੌਰ

2 ਚਰਨਜੀਤ ਕੌਰ

98883-52093

ਪਤੀ ਸੁਰਿੰਦਰ ਸਿੰਘ ਮਠਾੜੂ

1411,ਗੋਬਿੰਦਪੁਰਾ, ਅੰਮ੍ਰਿਤਸਰ।
ਇਨ੍ਹਾਂ ਦੀ 'ਐਸ.ਐਚ. ਮਸ਼ੀਨ ਟੂਲਜ਼' ਵਰਕਸ਼ਾਪ ਹੈ।
ਚਰਨਜੀਤ ਕੌਰ ਅਤੇ ਪਰਮਜੀਤ ਕੌਰ ਦੋਵੇਂ ਭੈਣਾਂ ਇਕੋ ਘਰ ਵਿਆਹੀਆਂ ਹਨ।

ਹਰਵਿੰਦਰ ਸਿੰਘ ਜਗਪ੍ਰੀਤ ਕੌਰ

3. ਪਰਮਜੀਤ ਕੌਰ

ਪਤੀ ਬਲਵਿੰਦਰ ਸਿੰਘ ਮਠਾੜੂ,ਕਲਕੱਤਾ

↓

ਮਨਪ੍ਰੀਤ ਕੌਰ

4. ਹਰਵਿੰਦਰ ਕੌਰ

ਪਤੀ ਸਵ:ਬਲਜਿੰਦਰ ਸਿੰਘ

ਪਿੰਡ ਘਨੂੰਪੁਰ,ਜ਼ਿਲਾ ਅੰਮ੍ਰਿਤਸਰ,

ਜਗਤਾਰ ਸਿੰਘ, ਪਰਮਿੰਦਰ ਸਿੰਘ

5 ਦਲਜੀਤ ਕੌਰ

ਪਤੀ ਦਵਿੰਦਰ ਸਿੰਘ ਭੁੱਲਰ

ਨਿਊ ਗੋਪਾਲ ਨਗਰ, ਖਾਂਡਵਾਲਾ,

ਅੰਮ੍ਰਿਤਸਰ।

75082-79673

ਸਿਮਰਨਜੀਤ ਸਿੰਘ (ਦਿਲਬਰ-ਜਾਨੀ) ਅੰਮ੍ਰਿਤਪਾਲ ਕੌਰ

6 ਕੁਲਜੀਤ ਕੌਰ

ਪਤੀ ਦਿਲਬਾਗ ਸਿੰਘ ਬਾਜਵਾ

ਪਿੰਡ ਖਾਸੇ ਜ਼ਿਲ੍ਹਾ ਅੰਮ੍ਰਿਤਸਰ,

ਇਹ ਬਿਜਲੀ ਦਾ ਕੰਮ ਕਰਦੇ ਹਨ।

↓

ਜਸਕਰਨ ਸਿੰਘ

7. ਮਨਜੀਤ ਕੌਰ

98885-21546

ਪਤੀ ਹਰਜੀਤ ਸਿੰਘ ਕਲਸੀ

ਕੋਟ ਖਾਲਸਾ, ਅੰਮ੍ਰਿਤਸਰ।

ਇਨ੍ਹਾਂ ਦੀ 'ਕਲਸੀ ਹਾਰਡਵੇਅਰ ਸ਼ਾਪ'

ਮੇਨ ਚੌਕ, ਕੋਟ ਖਾਲਸਾ ਵਿਖੇ ਹੈ।

ਵੰਸ਼ਦੀਪ ਸਿੰਘ ਹਰਸ਼ਪ੍ਰੀਤ ਕੌਰ (ਨੂਰ)

ਦਰਸ਼ਨ ਸਿੰਘ

(ਇਹ ਸ਼ਹੀਦ ਲਹਿਣਾ ਸਿੰਘ ਦੇ ਭਰਾ ਗੁੱਜਰ ਸਿੰਘ ਦੇ ਵੱਡੇ ਪੁੱਤਰ ਸਾਧੂ ਸਿੰਘ ਦੇ ਪੁੱਤਰ ਮਹੈਣ ਸਿੰਘ ਦਾ ਚੌਥਾ ਪੁੱਤਰ ਹੈ)

94663-32713

ਪਤਨੀ ਸਵ. ਜੋਗਿੰਦਰ ਕੌਰ, ਸਰਸਾ

ਭੁਪਿੰਦਰ ਸਿੰਘ | **ਹਰਜਿੰਦਰ ਸਿੰਘ** | **ਅਵਤਾਰ ਕੌਰ**

ਭੁਪਿੰਦਰ ਸਿੰਘ

ਪਤਨੀ ਜਸਵਿੰਦਰ ਕੌਰ

ਸੰਤਗੜ੍ਹ, ਦਿੱਲੀ ਰਹਿੰਦੇ ਹਨ,

ਜੇ. ਸੀ. ਬੀ. ਕਰੇਨਾਂ ਦਾ ਕੰਮ ਹੈ

93130-83081

ਨੰਦ ਸਿੰਘ | **ਵੀਰਪਾਲ ਕੌਰ**

ਹਰਜਿੰਦਰ ਸਿੰਘ

92156-10786

ਸਰਸੇ ਰਹਿੰਦੇ ਹਨ

ਬਾਈਕਸ ਦਾ ਯਾਮਾ ਸ਼ੋ -ਰੂਮ

ਫਤਿਹਬਾਦ ਵਿਖੇ ਹੈ

ਪਤਨੀ ਦੁਪਿੰਦਰ ਕੌਰ

ਰੂਬਲ ਸਿੰਘ | **ਜੈਸਮੀਨ ਕੌਰ**

ਅਵਤਾਰ ਕੌਰ

ਪਤੀ ਕਮਲਜੀਤ ਸਿੰਘ ਸੱਗੂ

98105-24770

ਮਾਨਸਰੋਵਰ ਗਾਰਡਨ, ਦਿੱਲੀ ਵਿਖੇ

